# ਅੰਮ੍ਰਿਤ ਕੀਰਤਨ

ਅੰਕ 10 | ਸਾਲ ਚੌਥਾ | ਅਕਤੂਬਰ 1992




ਆਨਰੇਰੀ ਸੰਪਾਦਕ ਡਾ ਜਾਗੀਰ ਸਿੰਘ

# ਝੂਠਾ ਮਦ

ਜਿਤੁ ਪੀਤੈ ਮਤਿ ਦੂਰਿ ਹੋਇ,
ਬਰਲੁ ਪਵੈ ਵਿਚਿ ਆਇ ॥
ਅਪਣਾ ਪਰਾਇਆ ਨ ਪਛਾਣਈ,
ਖਸਮਹੁ ਧਕੇ ਖਾਇ ॥
ਜਿਤੁ ਪੀਤੈ ਖਸਮੁ ਵਿਸਰੈ,
ਦਰਗਹ ਮਿਲੈ ਸਜਾਇ ॥
ਝੂਠਾ ਮਦੁ ਮੂਲਿ ਨ ਪੀਚਈ,
ਜੇਕਾ ਪਾਰਿ ਵਸਾਇ ॥

# ਅੰਮ੍ਰਿਤ ਕੀਰਤਨ

ਅੰਕ 10 ਸਾਲ ਚੌਥਾ ਅਕਤੂਬਰ 1992

ਸੰਪਾਦਕ (ਆਨਰੇਰੀ)
ਡਾ. ਜਾਗੀਰ ਸਿੰਘ
ਸਹਿਯੋਗੀ
ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਕੋਮਲ
ਹਰਿਭਜਨ ਸਿੰਘ ਚੋਪੜਾ
ਸ੍ਰ. ਕੁਲਦੀਪ ਸਿੰਘ
ਪ੍ਰੋ. ਸਤਵਿੰਦਰ ਸਿੰਘ
ਚਿੱਤਰਕਾਰ : ਗੁਰਦੀਪ ਸਿੰਘ ਦੀਪ

ਚਿੱਠੀ ਪੱਤਰ ਲਈ ਪਤਾ :
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422 ਸੈਕਟਰ 15-ਏ
ਚੰਡੀਗੜ੍ਹ-160015
ਫੋਨ : 24660

**ਚੰਦੇ ਦਾ ਵੇਰਵਾ**
ਇਕ ਕਾਪੀ 5 ਰੁਪਏ
ਦੇਸ਼ ਸਾਲਾਨਾ 50 ਰੁਪਏ
ਜੀਵਨ ਮੈਂਬਰ 500 ਰੁਪਏ
ਵਿਦੇਸ਼ ਸਾਲਾਨਾ 300 ਰੁਪਏ
ਜ਼ੀਵਨ ਮੈਂਬਰ 3000 ਰੁਪਏ

**ਵਿਸ਼ਾ ਪੰਨਾ**

1. ਬਾਬੀਆ ਅੰਮ੍ਰਿਤ ਵੇਲੇ ਬੋਲਿਆ
ਸ. ਤਰਲੋਕ ਸਿੰਘ ਤਰਸੀ 2
2. ਨਨਕਾਣਾ ਸਾਹਿਬ ਵਿਖੇ ਪ੍ਰਕਾਸ਼ ਗੁਰਪੁਰਬ
ਸ. ਹਰਪਾਲ ਸਿੰਘ 5
3. ਅਲੰਕਾਰ 8
4. ਤਾਲ ਕਹਿਰਵਾਂ ਤਿੰਨ ਤਾਲ 12
5. ਆਸਾ ਦੀ ਵਾਰ ਦਾ ਲੜੀ ਵਾਰ ਵਿਚਾਰ
ਪ੍ਰੇਮ ਸਿੰਘ ਪ੍ਰੇਮ 14
6. ਸੁਰ ਲਿਪੀ ਤੇ ਸ਼ਬਦ
ਸ. ਹਰਭਜਨ ਸਿੰਘ 17
7. ਕਲਰਾਂ ਵਿਚ ਕਮਲ ਉਗਾਣ ਵਾਲਾ
ਸੰਪਾਦਕ 19
8. ਸਾਡੇ ਕੀਰਤਨੀਏ ਭਾਈ ਸਾਹਿਬ
ਭਾਈ ਹਰੀ ਸਿੰਘ 21
9. PSALM OF PEACE
(Sukhmani Sahib) 23
10. What is Life-Dr. Babaji 29
11. The Noble Game
Bishan Swaroop Aggarwal 30
12. How do we Talk; Speak &
Sing by Avat Singh 31

ਨੋਟ : ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

**'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ: 4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਣਿਤ ਹੈ।**

# ਬਾਬੀਹਾ ਅਮ੍ਰਿਤ ਵੇਲੇ ਬੋਲਿਆ-ਇਕ ਅਨੁਭਵ

ਡਾ. ਤਰਲੋਕ ਸਿੰਘ ਤਰਸੀ

ਸਵੇਰੇ ਉੱਠ ਕੇ ਕੀਰਤਨ ਸੁਣਨ ਦੀ ਆਦਤ ਬਣਦੀ ਜਾ ਰਹੀ ਹੈ। ਰੇਡੀਓ ਦਾ ਸਵਿੱਚ ਦੱਬਦਿਆਂ ਹੀ ਹਰਿਮੰਦਰ ਸਾਹਿਬ ਤੋਂ ਆਸਾ ਦੀ ਵਾਰ ਕੰਨਾਂ ਵਿਚ ਮਿਸ਼ਰੀ ਦਾ ਸੁਆਦ ਘੋਲਣ ਲਗਦੀ ਹੈ ਆਦਤ ਬਹੁਤੀ ਪੁਰਾਣੀ ਨਹੀਂ ਬੱਸ ਤਿੰਨ ਮਹੀਨੇ ਪਹਿਲਾਂ ਜਦੋਂ ਆਪਣੇ ਮਾਤਾ ਜੀ ਤੇ ਪਿਤਾ ਜੀ ਨੂੰ ਇਸ ਦਾ ਅਨੰਦ ਮਾਣਦੇ ਵੇਖਿਆ ਸੀ ਤਾਂ ਮਨ ਨੇ ਸਹਿਜੇ ਹੀ ਇਸ ਨੂੰ ਅਪਣਾਉਣ ਲਈ 'ਹਾਂ' ਕਰ ਦਿੱਤੀ ਸੀ। ਮਨਮੁੱਖ ਜੀਵ ਮਨ ਦੀ ਹੀ ਤਾਂ ਮੰਨੇਗਾ।

ਦੋ ਤਿੰਨ ਦਿਨਾਂ ਤੋਂ ਰੇਡੀਓ ਕੁਝ ਵਿਗੜ ਗਿਆ ਲਗਦਾ ਹੈ। ਜਾਂ ਸ਼ਾਇਦ ਬਦਲ ਵਾਈ ਤੇ ਮੀਂਹ ਕਣੀ ਦੀ ਰੁੱਤ ਨੇ ਸਿਗਨਲ ਲਹਿਰਾਂ ਗਿੱਲੀਆਂ ਕਰ ਦਿੱਤੀਆਂ ਹਨ। ਆਵਾਜ਼ ਸਾਫ ਨਹੀਂ ਆਉਂਦੀ। ਘਰ–ਰ-ਰ- ਆਸਾ ਦੀ ਵਾਰ ਦਾ ਕੀਰਤਨ ਤਾਂ ਉਵੇਂ ਹੀ ਰਸ ਭਿੰਨਾਂ ਹੋਵੇਗਾ–ਪਰ ਅੰਮ੍ਰਿਤਸਰ ਤੋਂ ਚੰਡੀਗੜ੍ਹ ਦੀ ਵਿੱਥ ਨੇ ਇਸ ਦਾ ਰਸ ਚੂਸ ਲਿਆ ਲਗਦਾ ਹੈ। ਜਿਵੇਂ ਕੋਈ ਸੁਤ ਉਠੀਦੇ ਸੁਪਨਿਆਂ ਦਾ ਸੁਆਦ ਖੋਹ ਕੇ ਲੈ ਗਿਆ ਹੋਵੇ।

ਬੱਤੀ ਜਗਾਏ ਬਗੈਰ ਹੀ ਕੈਸਟ-ਰੈਕ ਵਿੱਚੋਂ ਸਭ ਤੋਂ ਉੱਪਰਲੀ ਕੈਸਟ ਚੁੱਕ ਕੇ ਟੇਪਰਿਕਾਰਡਰ ਵਿਚ ਲਗਾ ਦੇਂਦਾ ਹਾਂ। ਪਿਛਲੇ ਹਫਤੇ ਭੇਟ ਹੋਈ ਇਸ ਕੈਸਟ ਨੂੰ ਪਹਿਲਾ ਵੀ ਚਾਰ ਪੰਜ ਵਾਰ ਸੁਣ ਚੁੱਕਾ ਹਾਂ। ਹਰ ਵਾਰ ਨਵਾਂ ਸੁਆਦ ਆਇਆ ਹੈ ਸੁਣਨ ਦਾ ਵਕਤ ਬਦਲਣ ਨਾਲ ਸੁਆਦ ਵੀ ਬਦਲਿਆ ਹੈ। ਤੇ ਅੱਜ, ਜਦੋਂ ਹਾਲੀ ਬਾਹਰ ਬੁਲ-ਬੁਲ ਨੇ ਭੈਰਵੀ ਦੀ ਪਹਿਲੀ ਸੁਰ ਵੀ ਨਹੀ ਅਲਾਪੀ ਜਦੋਂ ਬਾਹਰ ਨਿੰਬੂ ਦੇ ਪੱਤਿਆਂ ਉੱਤੇ ਕਣੀਆਂ ਦੀ ਕਿਣ ਮਿਣ ਸਾਜ਼ ਛੋੜਨ ਦੀ ਕੋਸ਼ਿਸ਼ ਕਰ ਰਹੀ ਹੈ, ਮੈਂ ਟੇਪਰਿਕਾਰਡਰ ਦਾ ਬਟਨ ਦੱਬ ਦੇਂਦਾ ਹਾਂ ਤੇ ਆਪ ਅੱਖਾਂ ਬੰਦ ਕਰਕੇ ਚੌਕੜੀ ਮਾਰ ਕੇ. ਪਿੱਠ ਪਲੰਘ ਦੀ ਢੋਅ ਨਾਲ ਟਿਕਾ ਕੇ ਸੰਗੀਤ ਸੁਰਾਂ ਨੂੰ ਸੁਨਣ ਲਈ ਆਪਣੇ ਆਪ ਨੂੰ ਤਿਆਰ ਕਰਦਾ ਹਾਂ।

ਬਾਬੀ .. ਹਾਂ ਡਾ. ਜਾਗੀਰ ਸਿੰਘ ਦਾ ਸੁਰ ਗੁਰਬਾਣੀ ਦੇ ਸ਼ਬਦਾਂ ਨੂੰ ਹਵਾ ਵਿਚ ਖਿਲਾਰਨ ਲਗਦਾ ਹੈ।

'ਬਾ .....ਬੀ......ਹਾਂ' ਜਿਵੇਂ ਕਿਸੇ ਨੂੰ ਹੌਲੀ-ਹੌਲੀ. ਕੋਈ ਪਿਆਰ ਨਾਲ, ਆਵਾਜ਼ ਦੇ ਰਿਹਾ ਹੋਵੇ।

ਮੇਰੀ ਸੁਰਤ ਨੂੰ ਝੁਣ ਝੁਣੀ ਆਉਂਦੀ ਹੈ। ਆਕੜ ਭੰਨ ਕੇ ਜਾਗ ਆਉਣ ਵਰਗੀ ਝੁਣ ਝੁਣੀ। 'ਵਾਹਿਗੁਰੂ।' ਆਵਾਜ਼ ਗਲੇ ਵਿੱਚੋਂ ਬਾਹਰ ਨਹੀਂ ਆਉਂਦੀ ਅੰਦਰ ਹੀ ਚੱਕਰ ਕੱਟਣ ਲਗਦੀ ਹੈ ਜਿਵੇਂ ਕਿਸੇ ਖਾਲੀ ਥਾਂ ਵਿਚ ਗੂੰਜ ਰਹੀ ਹੋਵੇ।

'ਬਾਬੀਹਾ ਅੰਮ੍ਰਿਤ ਵੇਲੇ ਬੋਲਿਆ' ਡਾ. ਜਾਗੀਰ ਸਿੰਘ ਗੁਰਬਾਣੀ ਦੇ ਇਕ ਇਕ ਸ਼ਬਦ ਦਾ ਅਰਥ ਲੱਭਣ ਦਾ ਜਤਨ ਕਰ ਰਹੇ ਲਗਦੇ ਹਨ। ਜਾਂ ਸ਼ਾਇਦ ਇਸ ਜਤਨ ਮੇਰੇ ਅੰਦਰ ਲੁਕੀ ਕਿਸੇ ਪਿਆਸ ਦਾ ਹੈ।

'ਬਾਬੀਹਾ ਅਮ੍ਰਿਤ ਵੇਲੇ ਬੋਲਿਆ....... ਤਾਂ ਦੂਰ ਸੁਣੀ ਪੁਕਾਰ ਕਿਸੇ ਬਬੀਹੇ ਦੀ ਹੂਕ ਵਰਗਾ ਕੋਈ ਦਰਦ ਹਵਾ ਵਿਚ ਫੈਲ ਰਿਹਾ ਹੈ।

'ਮੇਘੇ ਨੋ ...ਫੁਰਮਾਨ ਹੋਆ......ਬਰਸੋ ਕਿਰਪਾ..... .. ਧਾਰ' ਨਿੰਬੂ ਦੇ ਪੱਤਿਆਂ ਉੱਤੇ ਪੈਂਦੀਆਂ ਕਣੀਆਂ ਦੀ ਆਵਾਜ਼ ਦਾ ਸੰਗੀਤ ਅਰਥ ਭਰਪੂਰ ਹੋਣ ਲੱਗ ਪਿਆ ਹੈ। ਆਵਾਜ਼ਾਂ ਦਾ ਇਹ ਅਮ੍ਰਿਤ ਅਜੀਬ ਨਸ਼ਾ ਬਣਾ ਰਿਹਾ ਹੈ। ਮੇਰੀਆਂ ਅੱਖਾਂ ਬੰਦ ਹਨ। ਅੰਦਰ 'ਵਾਹਿਗੁਰੂ' ਦਾ ਸ਼ਬਦ ਖਾਲੀ ਥਾਂ ਵਿਚ ਗੂੰਜਣ ਲੱਗ ਪਿਆ ਹੈ। ਬਾਹਰ ਨਿੰਬੂ ਦੇ ਪੱਤਿਆਂ ਉੱਤੇ ਕਣੀਆਂ ਦੀ ਅਵਾਜ ਦੇ ਨਾਲ ਹੀ ਬੁਲ ਬੁਲ ਦੀ ਆਵਾਜ਼ ਵੀ ਰਲ ਰਹੀ ਹੈ ਅਤੇ ਕਮਰੇ ਵਿਚ ਡਾ. ਜਾਗੀਰ ਸਿੰਘ ਦੀ ਆਵਾਜ਼ ਇਸ ਸਾਰੇ ਸੰਗੀਤ ਨਾਲ ਸੁਰ ਮਿਲਾਂਦੀ ਹੋਈ ਵੀ ਸਾਫ ਤੇ ਸਪਸ਼ਟ ਸੁਣਾਈ ਦੇ ਰਹੀ ਹੈ। ਮੇਰੀ ਸੁਰਤ ਨੀਂਦ ਵਰਗੀ ਘੂਕੀ ਦਾ ਸੁਆਦ ਲੈਣ ਲਗ ਪਈ ਹੈ। ਕੀਰਤਨ ਚਲ ਰਿਹਾ ਹੈ .....

ਕਉਣ .....ਜਾਣੇ......ਪੀਰ..... ਪਰਾਈ, ਹਮ ਨਾਹੀ ਚਿੰਤ ਪਰਾਈ ਪਹਿਲਾ ਸ਼ਬਦ ਸ਼ਾਇਦ ਸਮਾਪਤ ਹੋ ਚੁੱਕਾ ਹੈ। ਦੂਸਰੇ ਸ਼ਬਦ ਵਿਚ, ਆਤਮਾ ਦੀ ਉਸ ਸਮੇਂ ਦੀ ਪੀੜ ਚੁਫੇਰੇ ਖਿੱਲਰ ਰਹੀ ਹੈ, ਜਦੋਂ ਸਾਰਾ ਬ੍ਰਹਿਮੰਡ, ਜੜ੍ਹ ਅਤੇ ਚੇਤਨ, ਜੀਵ ਅਤੇ ਨਿਰਜੀਵ, ਇਕੋ, ਆਤਮਾ ਦੇ ਅੰਗ ਬਣ ਕੇ 'ਆਤਮਾ, ਅਗੋਚਰ, ਅਲਖ, ਅਪਾਰਾ' ਅੱਗੇ ਹੱਥ ਬੰਨ੍ਹ ਕੇ ਝੋਲੀ ਫੈਲਾ ਕੇ 'ਚਿੰਤਾ ਕਰੋ ਹਮਾਰੀ' ਦੀ ਅਰਦਾਸ ਕਰ ਰਹੀ ਹੋਵੇ। ਆਵਾਜ਼ ਸ਼ਬਦਾਂ ਦੇ ਭਾਵ ਉਜਾਗਰ ਕਰਨ ਵਿਚ ਸਹਾਈ ਹੋ ਰਹੀ ਹੈ। ਆਤਮਾ ਦਾ ਅਣੂ ਰੂਪ ਜਦੋਂ ਵਿਭੂ ਰੂਪ ਦੇ ਨੇੜੇ ਹੋ ਕੇ ਉਸ ਨੂੰ ਆਪਣੇ ਹੀ ਰੂਪ ਦੇ ਵਿਕਸਿਤ ਸਰੂਪ ਪਛਾਣਦਿਆਂ 'ਹਮ ਨਾਹੀ ਚਿੰਤ ਪਰਾਈ' ਦੇ ਅਰਥ ਮਿਰਜਦੇ ਸ਼ਬਦਾਂ ਨੂੰ ਸੁਰ ਦੇਂਦੀ ਆਵਾਜ਼ ਹਵਾ ਉੱਤੇ ਤਰਦੀ ਮਨ ਦੇ ਧੁਰ ਅੰਦਰ ਤੱਕ ਉਤਰਦੀ ਜਾਂਦੀ ਹੈ। 'ਕਉਣ .... ਜਾਣੇ........ਪੀਰ ....... ਪਰਾਈ' ਸ਼ਬਦਾਂ ਦੇ ਭਾਵ ਸਮਝਣ ਵਿਚ, ਪਛਾਣਨ ਵਿਚ ਡਾ. ਜਾਗੀਰ ਸਿੰਘ ਦੀ ਆਵਾਜ਼ ਸਹਾਇਤਾ ਕਰ ਰਹੀ ਹੈ। ਸ਼ਾਇਦ ਇਹੋ ਹੀ ਮਕਸਦ ਹੋਣਾ ਚਾਹੀਦਾ ਏ ਸੁਰ ਅਤੇ ਆਵਾਜ਼ ਦੇ ਸੁਮੇਲ ਦਾ। ਕੈਸਟ ਵਿਚ ਭਰੀ ਆਵਾਜ਼ ਕਮਰੇ ਵਿਚਲੀ ਫਿਜ਼ਾ ਨੂੰ ਜਿਵੇ ਖੁਸ਼ਬੋ ਖਿਲੇਰ ਰਹੀ ਹੈ-ਮਸਤੀ ਜਿਹੀ ਛਾ ਰਹੀ

ਹੈ ਮੇਰੇ ਵਜੂਦ ਉੱਤੇ। ਕੈਸਟ ਚੁੱਪ ਹੋ ਗਈ ਹੈ ਪਰ ਮੇਰੇ ਅੰਦਰ ਸੁਰ ਜਾਗ ਰਹੇ ਹਨ।

ਘਰ ਵਿਚ ਬਾਕੀਆਂ ਦੇ ਜਾਗਣ ਦੇ ਨਾਲ ਹੀ ਕੋਈ ਕੈਸਟ ਦਾ ਦੂਜਾ ਪਾਸਾ ਲਗਾ ਦੇਂਦਾ ਹੈ। ਮੇਰੇ ਉੱਤੇ ਪਤਾ ਨਹੀਂ ਕਿਸ ਤਰ੍ਹਾਂ ਦੀ ਨੀਂਦ ਭਾਰੀ ਹੈ ਕਿ ਉੱਠਣ ਨੂੰ ਦਿਲ ਹੀ ਨਹੀਂ ਕਰ ਰਿਹਾ। ਸੰਗੀਤ ਲਹਿਰਾਂ ਸ਼ਾਤ ਸੁਰਾਂ ਵਿਚ ਚੁਫੇਰੇ ਪਸਰ ਰਹੀਆਂ ਹਨ ਜਿਵੇਂ ਕਮਰੇ ਵਿਚਲੀ ਹਵਾ ਨੂੰ ਗਲਵਕੜੀ ਵਿਚ ਲੈ ਰਹੀਆਂ ਹੋਣ।

'ਸਾਜਨ ਦੇਸ ਬਿਦੇਸੀ ਅੜੇ ਸਾਨੇਹੁੜੇ ਦੇਂਦੀ......।' ਪ੍ਰੇਮ ਸੁਨਹਾ ਚਿਰਾਂ ਵਿਛੁੰਨੀ ਆਤਮਾ ਦੀ ਮਿੱਠੀ-ਮਿੱਠੀ ਪੀੜ ਦਾ ਅਹਿਸਾਸ ਬਣ ਰਿਹਾ ਹੈ। 'ਸਾਨੇਹੁੜੇ... ਦੇਂਦੀ......।,

ਪਤਾ ਨਹੀਂ ਡਾ. ਜਾਗੀਰ ਸਿੰਘ ਦੇ ਸੁਰ ਅਤੇ ਗੁਰੂ ਸਾਹਿਬ ਦੇ ਸ਼ਬਦ ਮਿਲ ਕੇ ਵੀ ਜਨਮਾਂ ਤੋਂ ਬਣ ਰਹੇ ਫਾਸਲੇ ਨੂੰ ਪਾਰ ਕਰ ਪਾਉਣਗੇ ਜਾਂ ਨਹੀਂ-ਮੇਰੇ ਅੰਦਰੋਂ ਇਕ ਕਸਕ ਬਾਹਰ ਵੱਲ ਨੂੰ ਉਲਰਦੀ ਲਗਦੀ ਹੈ ਜਿਵੇਂ ਇਸ ਸੁਨੇਹੇ ਵਿਚ ਕੁਝ ਹੋਰ ਦਰਦ ਭਰਨਾ ਚਾਹ ਰਹੀ ਹੋਵੇ। 'ਵਾਹਿਗੁਰੂ .. ।' ਅੰਦਰ ਹੀ ਅੰਦਰ ਇਸ ਤਰ੍ਹਾਂ ਰੋਣ ਨਿਕਲਦਾ ਹੈ ਜਿਵੇ ਕਦੇ ਬਚਪਨ ਵਿਚ ਸਰੀਰਕ ਸੱਟ ਲੱਗ ਜਾਣ ਤੇ 'ਹਾਏ ਮਾਂ ਨੀ।' ਬਣ ਕੇ ਨਿਕਲਦਾ ਸੀ। ਸਾਨੇਹੁੜੇ ਦੇਂਦੀ ....।' ਆਵਾਜ਼ ਹਵਾ ਵਿਚ ਲਰਜ਼ ਰਹੀ ਹੈ-ਹਵਾ ਜੋ ਬਾਹਰ ਵੀ ਹੈ ਤੇ ਅੰਦਰ ਵੀ।

'ਮੇਰੇ ਭਾਈ ਜਨਾ .....।' ਅਗਲੇ ਸ਼ਬਦ ਦੇ ਬੋਲ ਧੀਮੇ ਧੀਮੇ ਕੰਨਾਂ ਤੱਕ ਪਹੁੰਚਦੇ ਹਨ। 'ਮੇਰੇ ਭਾਈ ਜਨਾ .. ਕੋਈ .. ਮੋਂ.. .. ਕਉ... ਹਰਿ . ਪ੍ਰਭੂ ਮੇਲ ਮਿਲਾਏ।' ਸ਼ਾਇਦ ਸੁਨੇਹੇ ਪਹੁੰਚਾਣ ਦਾ, ਲਾਹਾ ਲੈਣ ਦਾ ਇਹ ਤਰੀਕਾ ਵਧੇਰੇ ਕਾਰ ਗਰ ਹੋਵੇ। 'ਹਰਿ ਪ੍ਰਭੂ' ਨਾਲ ਇਕ ਸੁਰ ਹੋਏ ਭਾਈ ਜਨ ਤਾਂ ਜ਼ਰੂਰ ਹੋਰ ਵਿਛੁੰਨੀਆਂ ਆਤਮਾਵਾਂ ਨੂੰ ਉਸ ਨਾਲ ਜੋੜਨ ਵਿਚ ਸਹਾਇਕ ਹੋਣਗੀਆਂ। ਆਪ ਰੱਜਿਆ ਹੋਇਆ ਦੂਜਿਆਂ ਨੂੰ ਰਜ਼ਾ ਕੇ ਹੀ ਖੁਸ਼ ਹੋਵੇਂਗਾ। ਮੇਰੇ ਅੰਦਰ ਅਨੇਕ ਖਿਆਲ ਛੱਲਾਂ ਬਣ ਬਣ ਕੇ ਕਿਨਾਰਿਆਂ ਨਾਲ ਟਕਰਾ ਰਹੇ ਹਨ। 'ਮੇਰੇ ਭਾਈ ਜਨਾ . ਕੋਈ ਮੋ ਕਉ ਹਰ ਪ੍ਰਭੂ ਮੇਲ ਮਿਲਾਏ।' ਸ਼ਬਦ ਅੰਦਰ ਬਾਹਰ ਚੱਲ ਰਿਹਾ ਹੈ। ,ਕੋਈ ਮੋਕਉ ਹਰਿ ਪ੍ਰਭੂ ਮੇਲ ਮਿਲਾਏ।' ਕੈਸਟ ਖਤਮ ਹਣ ਤੋਂ ਬੜਾ ਚਿਰ ਬਾਅਦ ਤੱਕ ਕੰਨਾਂ ਵਿਚ ਲਰਜ਼ ਰਿਹਾ ਹੈ।

ਬਾਬੀਹਾ ਅਮ੍ਰਿਤ ਵੇਲੇ ਬੋਲਿਆ...........

ਮੈਂ ਸੋਚਦਾ ਹਾਂ-ਡਾ. ਜਾਗੀਰ ਸਿੰਝ ਵੀ ਇਸ ਨੂੰ ਸੁਰ-ਬਧ ਕਰਦੇ ਸਮੇਂ ਮੇਰੀ ਹੀ ਆਤਮਾ ਦਾ ਰੂਪ ਤਾਂ ਨਹੀਂ ਸਨ ਬਣੇ ਹੋਏ। ਸ਼ਾਇਦ ਹਾਂ.....ਸ਼ਾਇਦ ਪਤਾ ਨਹੀਂ।

# ਨਨਕਾਣਾ ਸਾਹਿਬ ਵਿਖੇ ਪ੍ਰਕਾਸ਼ ਗੁਰਪੁਰਬ

ਹਰਪਾਲ ਸਿੰਘ (ਨਿਊ ਜਰਸੀ ਅਮਰੀਕਾ)

ਇਸ ਲੇਖਕ ਦੇ ਮਰਹੂਮ ਪਿਤਾ ਅਤੇ ਉਨ੍ਹਾਂ ਦੇ ਇੱਕ ਪਰਮ ਮਿਤਰ ਸਰਦਾਰ ਕਪੂਰ ਸਿੰਘ ਆਈ ਸੀ ਐਸ ਲਹੌਰ ਦੇ ਗੌਰਮਿੰਟ ਕਾਲਜ ਵਿੱਚ ਵਿੱਦਿਆ ਪ੍ਰਾਪਤ ਕਰਦੇ ਸਨ। ਇਹ ਵਰਨਣ ਵੀਹਵੀਂ ਸਦੀ ਦੇ ਦਹਾਕੇ ਦੇ ਅੰਤਮ ਬਰਸਾਂ ਦਾ ਹੈ। ਜਗਤ ਦੇ ਤਾਰਨਹਾਰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਜਨਮ ਗੁਰਪੁਰਬ ਨਵੰਬਰ ਦੇ ਮਹੀਨੇ ਵਿੱਚ ਕਤੱਕ ਦੀ ਪੂਰਨਿਆਂ ਸਮੇਂ ਮਨਾਇਆ ਜਾਂਦਾ ਸੀ। ਵੈਸੇ ਤਾਂ ਲਹੌਰ ਵਿੱਚ ਭੀ ਗੁਰਦਵਾਰਾ ਡੇਰ੍ਹਾ ਸਾਹਿਬ ਅਤੇ ਗੁਰਦਵਾਰਾ ਸ਼ਹੀਦਗੰਜ ਵਿੱਚ ਪ੍ਰਕਾਸ਼ ਗੁਰਪੁਰਬ ਬੜੀ ਸ਼ਾਨ ਨਾਲ ਮਨਾਇਆ ਜਾਂਦਾ ਸੀ ਪ੍ਰੰਤੂ ਜੋ ਸ਼ਾਨ ਗੁਰਦਵਾਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਵਿਖੇ ਗੁਰਪੁਰਬ ਦੀ ਸੀ ਉਹ ਆਪਣੇ ਆਪ ਵਿੱਚ ਨਿਰਾਲੀ ਸੀ।

ਅਕਤੂਬਰ ਦੇ ਦੂਜੇ ਅੱਧ ਤੋਂ ਹੀ ਸ਼ਰਧਾਲੂ ਸੰਗਤਾਂ ਨਨਕਾਣਾ ਸਾਹਿਬ ਵੱਲ ਕੂਚ ਕਰ ਜਾਂਦੀਆ ਸਨ। ਮੋਟਰਾਂ ਕਾਰਾਂ ਦਾ ਯੁਗ ਅਜੇ ਨਹੀਂ ਸੀ ਆਇਆ। ਲੋਕ ਘੋੜਿਆਂ ਤੇ ਸਵਾਰ ਹੋ ਕੇ, ਤਾਂਗਿਆਂ ਰਾਹੀਂ ਅਤੇ ਗੱਡਿਆਂ ਵਿੱਚ ਹੀ ਸਫਰ ਕਰਦੇ ਸਨ। ਪੈਂਡਾ ਤੈਅ ਕਰਦਿਆ ਕਈ ਕਈ ਦਿਨ ਲੱਗ ਜਾਂਦੇ ਸਨ। ਰੇਲ ਗੱਡੀ ਦਾ ਸਫਰ ਉਨ੍ਹਾਂ ਦਿਨਾਂ ਵਿੱਚ ਆਮ ਸੀ। ਸਟੇਸ਼ਨ ਉਤਰ ਕੇ ਤਾਂਗਾ ਲੈਂਦੇ ਸਨ। ਲੇਖਕ ਦੇ ਪਿਤਾ ਅਤੇ ਸਰਦਾਰ ਕਪੂਰ ਸਿੰਘ ਭੀ ਉਚੇਚੇ ਤੌਰ ਤੇ ਲਹੌਰੋਂ ਨਨਕਾਣਾ ਸਾਹਿਬ ਜਾਂਦੇ ਸਨ।

ਗੁਰਦਵਾਰਾ ਜਨਮ ਅਸਥਾਨ ਵਿਖੇ ਸੰਗਤਾਂ ਦੇ ਠਹਿਰਨ ਵਾਸਤੇ ਬਹੁਤੀ ਜਗ੍ਹਾ ਨਹੀਂ ਸੀ। ਕੁਝ ਕਮਰੇ ਅਜੇ ਤਾਮੀਰ ਅਧੀਨ ਸਨ। ਜਗ੍ਹਾ ਭਾਵੇਂ ਕਿੰਨੀ ਭੀ ਹੋਵੇ ਆਈਆਂ ਸੰਗਤਾਂ ਵਾਸਤੇ ਪਰਿਆਪਤ ਨਹੀਂ ਸੀ, ਕਿਉਂਕਿ ਸੰਗਤਾਂ ਲੱਖਾਂ ਦੀ ਸੰਖਿਆ ਵਿੱਚ ਪਹੁੰਚਦੀਆਂ ਸਨ।

ਗੁਰਦਵਾਰਾ ਜਨਮ ਅਸਥਾਨ ਦੇ ਲਾਗੇ ਲਾਗੇ ਮੀਲ ਮੀਲ ਤੱਕ ਜਿੰਨੀ ਭੀ ਜਗ੍ਹਾ ਖਾਲੀ ਮਿਲਦੀ ਸੀ ਉਸ ਵਿੱਚ ਗੱਡੇ ਹੀ ਗੱਡੇ ਖੜ੍ਹੇ ਹੁੰਦੇ ਸਨ। ਵਧੇਰੇ ਲੋਕ ਗੱਡਿਆਂ ਉਪਰ ਹੀ ਰਾਤ ਕੱਟਦੇ ਸਨ। ਉਨ੍ਹਾਂ ਦਿਨਾਂ ਵਿੱਚ ਨਵੰਬਰ ਵਿੱਚ ਹੀ ਸਰਦੀ ਕਾਫ਼ੀ

ਹੋ ਜਾਂਦੀ ਸੀ। ਲੇਕਿਨ ਬਾਰਿਸ਼ ਨਾਂ ਮੁਤਾਬਿਕ ਹੀ ਹੁੰਦੀ ਸੀ। ਗੱਡਿਆਂ ਦੇ ਨਾਲ ਹੀ ਹੇਠਾਂ ਦੋ ਤਿੰਨ ਇੱਟਾਂ ਰੱਖਕੇ ਚੁੱਲ੍ਹਾ ਬਣਾ ਲਿਆ ਜਾਂਦਾ ਸੀ। ਅਤੇ ਅੰਨ ਉਥੇ ਹੀ ਪਕਾਇਆਂ ਜਾਂਦਾ ਸੀ। ਲੋਕ ਸ਼ੱਕਰ, ਘਿਓ, ਆਟਾ ਅਤੇ ਦਾਲ ਨਾਲ ਲੈ ਕੇ ਅਉਂਦੇ ਸਨ। ਜਿੱਧਰ ਵੇਖੋ ਗਹਿਮਾਂ ਗਹਿਮੀ ਹੀ ਹੁੰਦੀ ਸੀ।

ਸੰਗਤਾਂ ਆਪਣੀ ਚਾਲ ਢਾਲ ਤੋਂ ਪਛਾਣੀਆਂ ਜਾਂਦੀਆਂ ਸਨ। ਲਾਇਲਪੁਰ ਅਤੇ ਮਿੰਟਗਮਰੀ ਵਾਲੇ ਸਾਬਕਾ ਫੌਜੀ ਦਾਹੜੀਆਂ ਬੱਨ੍ਹਦੇ ਸਨ ਅਤੇ ਸ਼ਾਨਦਾਰ ਪਗੜੀਆਂ ਬੱਨ੍ਹਦੇ ਸਨ। ਮਲਵਈ ਵੀਰ ਚਾਦਰਾ ਬੰਨ੍ਹਦੇ ਅਤੇ ਪਗੜੀ ਦਾ ਲੜ ਪਿਛੇ ਛਡਦੇ ਸਨ ਮਾਝੇ ਵਾਲੇ ਵੀਰ ਮਾਇਆ ਲਾਕੇ ਤਹਿਮਤ ਬੰਨ੍ਹਦੇ ਸਨ ਅਤੇ ਗੋਲ ਪਗੜੀਆਂ ਬੰਨ੍ਹਦੇ ਸਨ। ਪੋਠੋਹਾਰੀ ਬੇਲ ਬੂਟਿਆਂ ਵਾਲੀਆਂ ਪਗੜੀਆ ਬੰਨ੍ਹਦੇ ਸਨ ਅਤੇ ਖੁਲੀਆਂ ਕਮੀਜ਼ਾਂ ਪਹਿਨਦੇ ਸਨ। ਪ੍ਰਚਾਰਕ ਲੋਕ ਚੂੜੀਦਾਰ ਪਜਾਮੇ ਅਤੇ ਐਚਕਨਾਂ ਪਹਿਨਦੇ ਸਨ। ਪਤਲੂਣ ਪਹਿਨੀ ਕੋਈ ਹੀ ਲੱਭਦਾ ਹੋਵੇਗਾ। ਸਭਦੇ ਚਿਹਰਿਆਂ ਤੋਂ ਖੁਸ਼ੀ ਝਲਕਾਂ ਮਾਰਦੀ ਸੀ।

ਪੇਸ਼ਾਵਰੀ ਅਤੇ ਕਾਬਲੀ ਸੰਗਤਾਂ ਪਠਾਣਾਂ ਵਰਗੀਆਂ ਪਗੜੀਆਂ ਬੰਨ੍ਹਦੀਆਂ ਸਨ। ਸਿੰਧੀ ਵੀਰ ਆਮ ਤੌਰ ਤੇ ਕੇਸਾਧਾਰੀ ਨਹੀਂ ਸਨ ਹੁੰਦੇ, ਪ੍ਰੰਤੂ ਸਫਾਈ ਕਰਨ ਵਿੱਚ, ਸੇਵਾ ਕਰਨ ਵਿੱਚ, ਉਹ ਮਸ਼ਹੂਰ ਸਨ। ਉਨ੍ਹਾਂ ਦਿਨਾਂ ਵਿੱਚ ਦਿੱਲੀ, ਪਟਨਾ ਸਾਹਿਬ ਅਤੇ ਹਜ਼ੂਰ ਸਾਹਿਬ ਤੋਂ ਬਹੁਤ ਘੱਟ ਸੰਗਤਾਂ ਆਉਂਦੀਆਂ ਸਨ। ਇਸੇ ਹੀ ਤਰ੍ਹਾਂ ਬਲੋਚਿਸਤਾਨ ਦੀ ਸੰਗਤ ਭੀ ਘੱਟ ਹੁੰਦੀ ਸੀ। ਪਰ ਪੰਜਾਬ, ਸਰਹੱਦੀ ਸੂਬਾ ਅਤੇ ਸਿੰਧ ਦੀ ਸੰਗਤ ਹਰ ਜਗ੍ਹਾ ਨੁਮਾਇਆ ਸੀ।

ਉਨ੍ਹਾਂ ਦਿਨਾਂ ਵਿੱਚ ਕੀਰਤਨ ਅਤੇ ਕਥਾ ਅਲਹਿਦਾ ਅਲਹਿਦਾ ਹੁੰਦੇ ਸਨ। ਪ੍ਰਚਾਰਕ ਕੇਵਲ ਕਥਾ ਹੀ ਕਰਦੇ ਸਨ। ਰਾਗੀ ਕੇਵਲ ਗੁਰਬਾਣੀ ਹੀ ਗਾਇਨ ਕਰਦੇ ਸਨ। ਨਨਕਾਣਾ ਸਾਹਿਬ ਵਿਖੇ ਕਾਫੀ ਜੱਥੇ ਪੱਕੇ ਤੌਰ ਤੇ ਮੁਦੀਮ ਸਨ। ਫੇਰ ਭੀ ਹਸਨ ਅਬਦਾਲ ਅਤੇ ਸ੍ਰੀ ਦਰਬਾਰ ਸਾਹਿਬ ਤੋਂ ਉਚੇਚੇ ਤੌਰ ਤੇ ਕੀਰਤਨੀ ਜੱਥੇ ਆਮੰਤਰਤ ਕੀਤੇ ਜਾਂਦੇ ਸਨ।

ਭਾਈ ਵੀਰ ਸਿੰਘ, ਪ੍ਰੋਫੇਸਰ ਪੂਰਨ ਸਿੰਘ, ਸਰਦਾਰ ਤਰਲੋਚਨ ਸਿੰਘ, ਬਾਬਾ ਖੜਕ ਸਿੰਘ, ਸਰਦਾਰ ਜੋਗਿੰਦਰ ਸਿੰਘ ਅਤੇ ਮਾਸਟਰ ਤਾਰਾ ਸਿੰਘ ਜੇਹੀਆਂ ਸ਼ਖਸੀਅਤਾਂ ਦੇ ਦਰਸ਼ਨ ਆਮ ਹੁੰਦੇ ਸਨ। ਸਰਦਾਰ ਸੁੰਦਰ ਸਿੰਘ, ਸਰਦਾਰ ਕ੍ਰਿਪਾਲ ਸਿੰਘ ਮਜੀਠੀਆ ਅਤੇ ਸਰਦਾਰ ਦਤਾਰ ਸਿੰਘ ਜਹੇ ਰਈਸ ਸਿੱਖ ਭੀ ਸੰਗਤਾਂ ਦਾ ਹਿੱਸਾ ਹੁੰਦੇ ਸਨ। ਗੁਰਦਵਾਰੇ ਅਜੇ ਤਾਜੇ ਹੀ ਮਹੰਤਾਂ ਕੋਲੋਂ ਆਜ਼ਾਦ ਕਰਵਾਏ ਸਨ,

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨਵੀਂ ਨਵੀਂ ਬਣੀ ਸੀ। ਸਿੱਖ ਰਿਆਸਤਾਂ ਦੇ ਮਹਾਰਾਜਿਆਂ ਵੱਲੋਂ ਭੀ ਗੁਰਪਰਬ ਸਮੇਂ ਸੇਵਾ ਕਰਵਾਈ ਜਾਂਦੀ ਸੀ।

ਭਾਈ ਗੁਰਮੁਖ ਸਿੰਘ ਫੱਕਰ ਨਨਕਾਣਾ ਸਾਹਿਬ ਵਾਲੇ, ਭਾਈ ਪਾਲ ਸਿੰਘ ਜਸਵੰਤ ਸਿੰਘ ਤੇ ਭਾਈ ਸਮੁੰਦ ਸਿੰਘ ਚੜ੍ਹਦੀਆਂ ਜਵਾਨੀਆਂ ਵਿੱਚ ਸਨ। ਸ੍ਰੀ ਦਰਬਾਰ ਸਾਹਿਬ ਤੋਂ ਭਾਈ ਲਾਲ ਅਤੇ ਭਾਈ ਚਾਂਦ ਜਹੇ ਮੇਧਾਵੀ ਕੀਰਤਨੀਏ ਕੀਰਤਨ ਦੀ ਸੇਵਾ ਕਰਨ ਵਾਸਤੇ ਸ੍ਰੀ ਨਨਕਾਣਾ ਸਾਹਿਬ ਆਉਂਦੇ ਸਨ।

ਗੁਰਪੁਰਬ ਤੇ ਆਗਮਨ ਸਮੇਂ ਅੱਧੀ ਰਾਤੀਂ ਜ਼ਬਰਦਸਤ ਆਤਿਸ਼ਬਾਜੀ ਦਾ ਮੁਜ਼ਾਹਰਾ ਹੁੰਦਾ ਸੀ। ਯੱਕ ਦਮ ਤਮਾਮ ਵਾਤਾਵਰਨ ਜਗਮਗਾ ਉੱਠਦਾ ਸੀ। ਹਰ ਪਾਸਿਓਂ ਆਤਿਸ਼ਬਾਜੀਆਂ ਚੱਲਣ ਲੱਗ ਪੈਂਦੀਆਂ ਸੀ। ਦੀਪਮਾਲਾ ਕੀਤੀ ਜਾਂਦੀ ਸੀ। ਉਨ੍ਹਾਂ ਦਿਨਾਂ ਵਿੱਚ ਬਿਜਲੀ ਅਜੇ ਬਹੁਤੀ ਪ੍ਰਚਲਤ ਨਹੀਂ ਸੀ। ਲੋਕ ਦੀਵੇ ਹੀ ਬਾਲਦੇ ਸਨ। ਸਾਰਾ ਨਨਕਾਣਾ ਸਾਹਿਬ ਜਗਮਗ ਕਰਦਾ ਸੀ। ਇਹ ਮੰਜ਼ਿਰ ਜਿਨਾਂ ਨੇ ਵੇਖਿਆ ਹੈ, ਉਨ੍ਹਾਂ ਨੇ ਅਜਿਹਾਂ ਹੋਰ ਕੁਝ ਨਹੀਂ ਵੇਖਿਆ।

ਗੁਰਪੁਰਬ ਤੋਂ ਇੱਕ ਦਿਨ ਪਹਿਲਾਂ ਨਨਕਾਣਾ ਸਾਹਿਬ ਦੇ ਸਾਰੇ ਗੁਰਦਵਾਰਿਆਂ ਦੀ ਯਾਤਰਾ ਕਰਦਾ ਹੋਇਆ ਜਲੂਸ ਨਿਕਲਦਾ ਸੀ। ਗੁਰਪੁਰਬ ਵਾਲੇ ਦਿਨ ਸਾਰੀਆਂ ਸੰਗਤਾਂ ਵੰਨ ਸੁਵੰਨੀਆਂ ਪੁਸ਼ਾਕਾਂ ਪਹਿਨ ਕੇ ਗੁਰੂ ਦੇ ਆਗਮਨ ਦੀ ਖੁਸ਼ੀ ਮਨਾਉਂਦੀਆਂ ਸਨ। ਲੰਗਰ ਅਤੁੱਟ ਵਰਤਦਾ ਸੀ।

ਨੋਟ:- ਉਪਰੋਕਤ ਸਮਗਰੀ ਦੇ ਸਰੋਤ ਸਨ ਸਰਦਾਰ ਸੁਚੇਤ ਸਿੰਘ ਅਤੇ ਸਰਦਾਰ ਕਪੂਰ ਸਿੰਘ ਆਈ ਸੀ ਐਸ।

# ਅਲੰਕਾਰ

ਅਲੰਕਾਰ ਦਾ ਸ਼ਬਦਕ ਅਰਥ ਹੈ ਗਹਿਣਾ ਜਾਂ ਜ਼ੇਵਰ । ਜਿਸ ਤਰ੍ਹਾਂ ਸਰੀਰ ਨੂੰ ਸਜਾਉਣ ਅਤੇ ਸੁਹਣਾ ਬਣਾਉਣ ਲਈ ਕਈ ਪ੍ਰਕਾਰ ਦੀਆਂ ਚੀਜ਼ਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ, ਉਸੇ ਤਰ੍ਹਾਂ ਸੰਗੀਤ ਵਿੱਚ ਅਨੇਕ ਤਰ੍ਹਾਂ ਦੀ ਨਵੀਨਤਾ, ਮਧੁਰਤਾ ਅਤੇ ਮਨੋਰੰਜਕਤਾ ਪੈਦਾ ਕਰਨ ਲਈ ਸੱਤ ਸੁਰਾਂ ਨੂੰ ਨਵੇਂ ਨਵੇਂ ਕਈ ਕਲਾਤਮਕ ਰੂਪਾਂ ਵਿੱਚ ਨਿਯਮ ਅਨੁਸਾਰ ਗਾਇਆ ਜਾਂਦਾ ਹੈ । ਅਲੰਕਾਰ ਦੇ ਛੋਟੇ ਵੱਡੇ ਰੂਪਾਂ ਅਨੁਸਾਰ ਰਾਗ ਵਿੱਚ ਲੱਗਣ ਵਾਲੇ ਸ਼ੁੱਧ ਕੋਮਲ ਸੁਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ ਅਤੇ ਪ੍ਰਦਰਸ਼ਨ ਦੀ ਕਲਾਤਮਕਤਾ ਅਤੇ ਮਧੁਰਤਾ ਨੂੰ ਧਿਆਨ ਵਿੱਚ ਰਖਦਿਆਂ ਹੋਇਆਂ ਕਿਤੇ ਪੂਰਾ ਅਲੰਕਾਰ ਪ੍ਰਯੋਗ ਕੀਤਾ ਜਾਂਦਾ ਹੈ ਅਤੇ ਕਿਤੇ ਅਲੰਕਾਰਾਂ ਦੇ ਕਈ ਛੋਟੇ ਛੋਟੇ ਰੂਪਾਂ ਨੂੰ ਮਿਲਾ ਕੇ ਰਚਨਾ ਕੀਤੀ ਜਾਂਦੀ ਹੈ । ਸੁਰਾਂ ਦੇ ਛੋਟੇ ਛੋਟੇ ਸੁਰ ਸਮੂਹ ਲੈ ਕੇ ਅਲੰਕਾਰਾਂ ਦੀ ਰਚਨਾ ਕੀਤੀ ਜਾਂਦੀ ਹੈ । ਇਹ ਸੁਰ ਨਿਯਮ ਅਨੁਸਾਰ ਪੂਰੀ ਆਰੋਹੀ ਅਤੇ ਅਵਰੋਹੀ ਦੇ ਰੂਪ ਵਿੱਚ ਬੋਲੇ ਜਾਂਦੇ ਹਨ । ਜਿਸ ਤਰ੍ਹਾਂ ਮੋਤੀ ਦਾ ਇੱਕ ਦਾਨਾ ਇੱਕਲਾ ਇੰਨਾ ਸੁੰਦਰ ਨਹੀਂ ਲਗਦਾ, ਜਿੰਨਾ ਕਈ ਮੋਤੀਆ ਨੂੰ ਜੋੜ ਕੇ ਬਣਾਈਆਂ ਛੋਟੀਆਂ ਅਤੇ ਵੱਡੀਆਂ ਮਾਲਾਂ ਦੇ ਰੂਪ ਵਿੱਚ ਲਗਦਾ ਹੈ : ਇਸੇ ਤਰ੍ਹਾਂ ਅਲੰਕਾਰ ਦਾ ਇੱਕ ਟੁਕੜਾ ਅਪਣੀ ਕਲਾਤਮਕਤਾ ਨੂੰ ਨਹੀਂ ਦੱਸ ਸਕਦਾ । ਜਦ ਪੂਰਾ ਅਲੰਕਾਰ ਸੁਰ ਅਤੇ ਲੈਅ ਸਮੇਤ ਗਾਇਆ ਜਾਂਦਾ ਹੈ ਤਦ ਹੀ ਉਸਦੀ ਪੂਰਨ ਸੁੰਦਰਤਾ ਦਾ ਪਤਾ ਲਗਦਾ ਹੈ ।

ਭਾਰਤੀ ਸੰਗੀਤ ਵਿੱਚ ਅਲੰਕਾਰਾਂ ਦੀ ਮਹਾਨਤਾ ਨੂੰ ਜਾਨਣ ਲਈ ਉਹਨਾਂ ਦੇ ਅਭਿਆਸ ਤੋਂ ਮਿਲਣ ਵਾਲੇ ਲਾਭਾਂ ਬਾਰੇ ਜਾਣਕਾਰੀ ਹੋਣੀ ਜਰੂਰੀ ਹੈ, ਜਿਵੇਂ ਕਿ ਕੁਝ ਲਾਭ ਹੇਠ ਲਿਖੇ ਹਨ :—

(1) ਗਲਾ ਸਾਫ ਰਹਿੰਦਾ ਹੈ । ਗਾਉਂਦੇ ਵੇਲੇ ਕਿਸੇ ਤਰ੍ਹਾਂ ਦੀ ਰੁਕਾਵਟ ਪੈਦਾ ਨਹੀਂ ਹੁੰਦੀ ਅਤੇ ਗਲਾ ਚੰਗੀ ਤਰ੍ਹਾਂ ਖੁਲ੍ਹ ਜਾਂਦਾ ਹੈ । ਅਸੀਂ ਹਰ ਤਰ੍ਹਾਂ ਦੀ ਖੁਲ੍ਹੀ ਬੰਦ ਉੱਚੀ ਅਤੇ ਨੀਵੀਂ ਅਵਾਜ਼ ਨੂੰ ਅਸਾਨੀ ਨਾਲ ਗਲੇ ਵਿੱਚੋਂ ਕੱਢ ਸਕਦੇ ਹਾਂ ।

(2) ਗਾਉਣ ਦੇ ਲਈ ਅਵਾਜ਼ ਵਿੱਚ ਮਧੁਰਤਾ ਪੈਦਾ ਹੁੰਦੀ ਹੈ । ਜਿਸ ਤੋਂ ਸਾਨੂੰ ਤਿੰਨ ਸਪਤਕਾਂ ਵਿੱਚ ਸੁਰਾਂ ਦੀ ਵਰਤੋਂ ਕਰਨ ਵਿੱਚ ਅਸਾਨੀ ਹੁੰਦੀ ਹੈ ।

(3) ਸੁਰਾਂ ਦੀ ਦੂਰੀ ਅਤੇ ਉਹਨਾਂ ਦੇ ਚੱਲ ਅਤੇ ਅਚੱਲ ਰੂਪਾਂ ਦਾ ਗਿਆਨ ਹੋ ਜਾਂਦਾ ਹੈ ।

(4) ਲੈਅਕਾਰੀਆਂ ਨੂੰ ਸਮਝਣ ਅਤੇ ਪੱਕਾ ਕਰਨ ਵਿੱਚ ਸਹਾਇਤਾ ਮਿਲਦੀ ਹੈ।

(5) ਗਾਉਣ ਵਿੱਚ ਜ਼ਿਆਦਾ ਤਾਕਤ ਨਹੀਂ ਲਗਦੀ, ਜਿਸ ਕਾਰਨ ਜਲਦੀ ਥਕਾਵਟ ਨਹੀਂ ਹੁੰਦੀ।

(6) ਤਾਨਾਂ ਦੇ ਕਈ ਚਮਤਕਾਰੀ ਰੂਪਾਂ ਨੂੰ ਗਾਉਣ ਵਿੱਚ ਸਹਾਇਤਾਮਿਲਦੀ ਹੈ। ਅਸੀਂ ਹਰ ਤਰ੍ਹਾਂ ਦੀਆਂ ਤਾਨਾਂ ਦੀ ਸਪਸ਼ਟ ਰੂਪ ਵਿੱਚ ਵਰਤੋਂ ਕਰ ਸਕਦੇ ਹਾਂ।

(7) ਸਾਡਾ ਸਾਹ ਵੀ ਲੰਬਾ ਹੋ ਜਾਂਦਾ ਹੈ, ਜਿਸ ਤੋਂ ਸਾਨੂੰ ਗਾਉਣ ਵਿੱਚ ਵਾਰ ਵਾਰ ਸਾਹ ਨਹੀਂ ਲੈਣਾ ਪੈਂਦਾ ਅਤੇ ਨਾ ਹੀ ਗਾਉਂਦੇ ਵਕਤ ਸਾਹ ਫੂਲਦਾ ਹੈ।

(8) ਸਾਨੂੰ ਸੁਰਾਂ ਨੂੰ ਅਨੇਕ ਤਰ੍ਹਾਂ ਨਾਲ ਅਰਥਾਤ ਕ੍ਰਮ ਅਨੁਸਾਰ ਵੀ ਅਤੇ ਦੂਰ ਦੂਰ ਤੇ ਅੱਗੇ ਪਿੱਛੇ ਦੇ ਸੁਰਾਂ ਨੂੰ ਬੋਲਣ ਦਾ ਅਭਿਆਸ ਹੋ ਜਾਂਦਾ ਹੈ ਇਸ ਨਾਲ ਸੁਰ ਆਪਣੇ ਆਪ ਹੀ ਠੀਕ ਲੱਗ ਜਾਂਦੇ ਹਨ। ਜਿਸ ਤੋਂ ਸੁਰ ਨੂੰ ਪਛਾਨਣ ਦਾ ਗਿਆਨ ਹੋ ਜਾਂਦਾ ਹੈ।

ਜਿਸ ਤਰ੍ਹਾਂ ਵੱਖ ਵੱਖ ਰਾਗਾਂ ਨੂੰ ਆਪਸ ਵਿੱਚ ਮਿਲਾ ਕੇ ਅਨੇਕਾਂ ਨਵੇਂ ਰਾਗ ਬਣ ਜਾਂਦੇ ਹਨ ਉਸੇ ਤਰ੍ਹਾਂ ਸੁਰਾਂ ਦੇ ਵੱਖ ਵੱਖ ਮੇਲਾਂ ਨਾਲ ਭਾਵ ਅਤੇ ਰਸ ਦੀ ਉਤਪਤੀ ਹੁੰਦੀ ਹੈ। ਅਲਾਪ ਤੇ ਤਾਨ ਵਿੱਚ ਸਾਡੇ ਸੁਰ ਖਿੱਲਰੇ ਹੋਏ ਸਿਰਫ ਮਧੁਰਤਾ ਦੇ ਆਧਾਰ ਤੇ ਚਲਦੇ ਹਨ ਪਰ ਅਲੰਕਾਰ ਵਿੱਚ ਉਹੀ ਸੁਰ ਇੱਕ ਲੈਅ ਅਤੇ ਸੁਰ ਸਮੂਹ ਦੇ ਬਣੇ ਹੋਏ ਰੂਪ ਨੂੰ ਲੈ ਕੇ ਚਲਦੇ ਹਨ। ਇਸ ਵਿੱਚ ਅਲੰਕਾਰ ਦੇ ਪਹਿਲੇ ਸੁਰ ਸਮੂਹ ਨੂੰ ਆਧਾਰ ਮੰਨ ਕੇ ਉਹਨਾਂ ਦੇ ਸਮਾਨ ਸੁਰਾਂ ਨੂੰ ਲੈਂਦੇ ਹੋਏ ਪੂਰੀ ਆਰੋਹੀ ਅਵਰੋਹੀ ਵਿੱਚ ਉਸਦਾ ਪ੍ਰਯੋਗ ਕੀਤਾ ਜਾਂਦਾ ਹੈ। ਕਿਸੇ ਵੀ ਅਲੰਕਾਰ ਦਾ ਰੂਪ ਵਿੱਚ ਵਿੱਚ ਨਹੀਂ ਬਦਲਦਾ, ਜਦੋਂ ਤੱਕ ਉਹ ਅਲੰਕਾਰ ਪੂਰਾ ਨਾ ਹੋ ਜਾਵੇ, ਜਿਵੇਂ :—

ਸ਼ੁਧ ਰੂਪ :—ਆਰੋਹੀ :— ਸਾ ਰੇ ਗਾ, ਰੇ ਗਾ ਮਾ, ਗਾ ਮਾ ਪਾ, ਮਾ ਪਾ ਧਾ, ਪਾ ਧਾ ਨੀ, ਧਾ ਨੀ ਸਾ।

ਅਸ਼ੁੱਧ ਰੂਪ ਆਰੋਹੀ : ਸਾ ਰੇ ਗਾ, ਰੇ ਗਾ ਮਾ ਪਾ, ਗਾ ਪਾ ਮਾ, ਮਾ ਪਾ ਧਾ।

ਉੱਤੇ ਅਸ਼ੁੱਧ ਰੂਪ ਵਿੱਚ ਦਿੱਤੀ ਹੋਈ ਆਰੋਹੀ ਨੂੰ ਅਸੀਂ ਸ਼ੁੱਧ ਰੂਪ ਅਲੰਕਾਰ ਇਸ ਇਸ ਲਈ ਨਹੀਂ ਕਹਿ ਸਕਦੇ ਕਿਉਂਕਿ ਇਸ ਦੇ ਸਾਰੇ ਰੂਪ ਪਹਿਲੇ ਰੂਪ ਦੇ ਨਿਯਮ ਅਨੁਸਾਰ ਨਹੀਂ ਹਨ। ਉਹਨਾਂ ਨੂੰ ਅਸੀਂ ਵੱਖ ਵੱਖ ਅਲੰਕਾਰ ਮੰਨ ਕੇ ਸ਼ੁੱਧ ਰੂਪ ਵਿੱਚ ਇਸਤੇਮਾਲ ਕਰ ਸਕਦੇ ਹਾਂ। ਜਿਵੇਂ :—

(1) ਸਾ ਰੇ ਗਾ, ਰੇ ਗਾ ਮਾ, ਗਾ ਮਾ ਪਾ, ਮਾ ਪਾ ਧਾ, ਪਾ ਧਾ ਨੀ, ਧਾ ਨੀ ਸਾਂ ।

(2) ਸਾ ਰੇ ਗਾ ਮਾ, ਰੇ ਗਾ ਮਾ ਪਾ, ਗਾ ਮਾ ਪਾ ਧਾ, ਮਾ ਪਾ ਧਾ ਨੀ, ਪਾ ਧਾ ਨੀ ਸਾਂ ।

(3) ਸਾ ਗਾ ਰੇ, ਰੇ ਮਾ ਗਾ, ਗਾ ਪਾ ਮਾ, ਮਾ ਧਾ ਪਾ, ਪਾ ਨੀ ਧਾ, ਧਾ ਸਾਂ ਨੀ।

(4) ਸਾ ਰੇ ਗਾ ਰੇ, ਰੇ ਗਾ ਮਾ ਗਾ, ਗਾ ਮਾ ਪਾ ਮਾ, ਮਾ ਪਾ ਧਾ ਪਾ, ਪਾ ਧਾ ਨੀ ਧਾ, ਧਾ ਨੀ ਸਾਂ ਨੀ ।

ਇਸ ਤਰ੍ਹਾਂ ਭਿੰਨ ਭਿੰਨ ਅਲੰਕਾਰ ਦੇ ਅਭਿਆਸ ਹੋ ਜਾਣ ਨਾਲ ਸਾਡਾ ਗਲਾ ਹਰ ਸੁਰ ਨੂੰ ਕੱਢਣ ਵਿੱਚ ਸਮਰਥ ਹੋ ਜਾਂਦਾ ਹੈ। ਅਸੀਂ ਅਲੰਕਾਰ ਤੋਂ ਹੀ ਅਲਾਪ, ਤਾਨ ਆਦਿਕ ਦੀ ਰਚਨਾ ਕਰਨ ਅਤੇ ਉਹਨਾਂ ਦਾ ਵਿਸਥਾਰ ਕਰਨ ਲਈ ਸਹਾਇਤਾ ਪ੍ਰਾਪਤ ਕਰਦੇ ਹਾਂ।

ਅਲੰਕਾਰਾਂ ਦੇ ਉੱਪਰ ਲਿਖੇ ਲਾਭਾਂ ਨੂੰ ਵੇਖਦਿਆਂ ਵਿਦਿਆਰਥੀਆਂ ਨੂੰ ਇਸ ਵੱਲ ਸ਼ੁਰੂ ਤੋਂ ਹੀ ਧਿਆਨ ਦੇਣਾ ਚਾਹੀਦਾ ਹੈ, ਜਿਸ ਨਾਲ ਸੰਗੀਤ ਵਰਗੀ ਮਹਾਨ ਕਲਾ ਨੂੰ ਹਾਸਲ ਕਰਨ ਵਿੱਚ ਉਹਨਾਂ ਨੂੰ ਅਸਾਨੀ ਹੋ ਜਾਵੇ ਅਤੇ ਜ਼ਿਆਦਾ ਗਿਆਨ ਹਾਸਲ ਕਰਨ।

### ਅਲੰਕਾਰ (1)

ਆਰੋਹੀ : ਸਾ, ਰੇ, ਗਾ, ਮਾ, ਪਾ, ਧਾ, ਨੀ, ਸਾਂ ।

ਅਵਰੋਹੀ : ਸਾਂ, ਨੀ, ਧਾ, ਪਾ, ਮਾ, ਗਾ, ਰੇ, ਸਾ ।

### ਅਲੰਕਾਰ (2)

ਆਰੋਹੀ : ਸਾਸਾ, ਰੇਰੇ, ਗਾਗਾ, ਮਾਮਾ, ਪਾਪਾ, ਧਾਧਾ, ਨੀਨੀ, ਸਾਂਸਾਂ ।

ਅਵਰੋਹੀ : ਸਾਂਸਾਂ, ਨੀਨੀ, ਧਾਧਾ, ਪਾਪਾ, ਮਾਮਾ, ਗਾਗਾ, ਰੇਰੇ, ਸਾਸਾ ।

### ਅਲੰਕਾਰ (3)

ਆਰੋਹੀ : ਸਾਰੇਗਾ, ਰੇਗਾਮਾ, ਗਾਮਾਪਾ, ਮਾਪਾਧਾ, ਪਾਧਾਨੀ ਧਾਨੀਸਾਂ ।

ਅਵਰੋਹੀ : ਸਾਂਨੀਧਾ, ਨੀਧਾਪਾ, ਧਾਪਾਮਾ, ਪਾਮਾਗਾ, ਮਾਗਾਰੇ, ਗਾਰੇਸਾ ।

## ਵਿਸ਼ੇਸ਼ ਸੰਕੇਤ

ਅਲੰਕਾਰ ਦਾ ਅਭਿਆਸ ਕਰਨ ਵੇਲੇ ਪਹਿਲਾਂ ਅਲੰਕਾਰ ਨੂੰ ਖੁਲ੍ਹੀ ਅਵਾਜ਼ ਵਿੱਚ ਸੁਰਾਂ ਉੱਤੇ ਠਹਿਰਾਉ ਦੇ ਦੇ ਕੇ ਗਾਓ । ਜਿਸ ਨਾਲ ਸੁਰ ਦਾ ਠਹਿਰਾਉ ਅਤੇ ਸੁਰ ਦੀ ਸ਼ੁੱਧਤਾ ਗਲੇ ਵਿੱਚ ਆ ਸਕੇ । ਉਸ ਤੋਂ ਬਾਅਦ ਹੌਲੀ ਹੌਲੀ ਲੈਅ ਵਧਾ ਕੇ ਅਲੰਕਾਰਾਂ ਦਾ ਅਭਿਆਸ਼ ਕਰਨਾ ਚਾਹੀਦਾ ।

ਅਲੰਕਾਰਾਂ ਦਾ ਸਰਗਮ ਦੇ ਰੂਪ ਵਿੱਚ ਅਭਿਆਸ ਕਰਨ ਤੋਂ ਬਾਅਦ "ਅਕਾਰ" ਵਿੱਚ ਅਭਿਅਸ਼ ਕਰਨਾ ਚਾਹੀਦਾ ਹੈ ਅਤੇ ਇਹ ਧਿਆਨ ਰਹੇ ਕਿ ਅਵਾਜ਼ ਨੱਕ ਵਲੋਂ 'ਆਂ' ਦੇ ਰੂਪ ਵਿੱਚੋਂ ਨਾ ਨਿਕਲੇ । ਸ਼ੁੱਧ ਰੂਪ ਨਾਲ 'ਆ' ਸ਼ਬਦ ਦਾ ਹੀ ਉਚਾਰਣ ਹੋਣਾ ਚਾਹੀਦਾ ਹੈ ।

# ਤਾਲ ਕਹਿਰਵਾ ਤਿੰਨ ਤਾਲ

ਲੈਅ ਦੁਆਰਾ ਵੀ ਸੰਗੀਤ ਵਿੱਚ ਰਸ ਦੀ ਉਤਪਤੀ ਹੁੰਦੀ ਹੈ ਅਤੇ ਭਿੰਨ ਭਿੰਨ ਪ੍ਰਕਾਰ ਦੀ ਲੈਅ ਨਾਲ ਕਲਾ ਉਤਪੰਨ ਹੁੰਦੀ ਹੈ। ਜਦੋਂ ਅਸੀਂ ਲੈਅ ਨੂੰ ਨਿਯਮਾਂ ਦੇ ਬੰਧਨ ਵਿੱਚ ਬੰਨ੍ਹ ਲੈਂਦੇ ਹਾਂ ਤਾਂ ਉਸ ਨੂੰ ਤਾਲ ਦਾ ਨਾਂ ਦੇ ਦਿੰਦੇ ਹਾਂ। ਜਿਵੇਂ ਤਾਲ ਦਾਦਰਾ, ਤਿੰਨ ਤਾਲ ਅਤੇ ਝੱਪ ਤਾਲ ਆਦਿ। ਹਰ ਇੱਕ ਤਾਲ ਦੇ ਨਿਯਮ ਵੱਖ ਵੱਖ ਹੁੰਦੇ ਹਨ। ਇਹ ਤਾਲਾਂ ਗਾਇਨ, ਵਾਦਨ ਅਤੇ ਨ੍ਰਿਤ ਵਿੱਚ ਵੱਖ-ਵੱਖ ਸ਼ੈਲੀ ਅਨੁਸਾਰ ਵਜਾਈਆਂ ਜਾਂਦੀਆਂ ਹਨ ਜਿਵੇਂ ਵੱਡੇ ਖਿਆਲ ਵਿੱਚ ਇੱਕ ਤਾਲ, ਝੂਮਰਾ ਆਦਿ, ਛੋਟੇ ਖਿਆਲ ਵਿੱਚ ਤਿੰਨ ਤਾਲ, ਝੱਪ ਤਾਲ ਆਦਿ; ਧਰੁਪਦ ਵਿੱਚ ਚਾਰ ਤਾਲ ਅਤੇ ਭਜਨ ਗੀਤ ਜਾਂ ਸ਼ਬਦ ਵਿੱਚ ਦਾਦਰਾ, ਕਹਿਰਵਾ, ਤਿੰਨ ਤਾਲ ਆਦਿ। ਜਿਸ ਤਰ੍ਹਾਂ ਤਾਲਾਂ ਵੱਖ-ਵੱਖ ਸ਼ੈਲੀਆਂ ਵਿੱਚ ਵੱਖ-ਵੱਖ ਵਜਦੀਆਂ ਹਨ, ਉਸੇ ਤਰ੍ਹਾਂ ਤਾਲ ਵਜਾਉਣ ਦੇ ਅਨੇਕ ਸਾਜ਼ ਪ੍ਰਚਲਿਤ ਹਨ ਜਿਹੜੇ ਆਪਣੇ ਵੱਖ-ਵੱਖ ਰੂਪਾਂ ਅਤੇ ਵੱਖ ਵੱਖ ਨਾਂਵਾਂ ਨਾਲ ਜਾਣੇ ਜਾਂਦੇ ਹਨ ਜਿਵੇਂ ਤਬਲਾ, ਢੋਲਕ, ਮਿਰਦੰਗ, ਪਖਾਵਜ ਆਦਿ।

## *ਤਿੰਨ ਤਾਲ*

ਤਿੰਨ ਤਾਲ ਦੀਆਂ ਸੋਲਾਂ ਮਾਤਰਾਂ ਹੁੰਦੀਆਂ ਹਨ। ਇਸ ਦੇ ਚਾਰ ਚਾਰ ਮਾਤਰਾ ਦੇ ਚਾਰ ਭਾਗ ਹੁੰਦੇ ਹਨ। ਇਸ ਵਿੱਚ ਤਿੰਨ ਤਾਲੀਆਂ ਤੇ ਇੱਕ ਖਾਲੀ ਹੁੰਦੀ ਹੈ। ਪਹਿਲੀ ਮਾਤਰਾ ਉੱਤੇ ਸਮ, ਪੰਜਵੀਂ ਮਾਤਰਾ ਉੱਤੇ ਦੂਸਰੀ ਤਾਲੀ ਅਤੇ ਤੇਰ੍ਹਵੀਂ ਮਾਤਰਾ ਉੱਤੇ ਤੀਸਰੀ ਤਾਲੀ ਹੁੰਦੀ ਹੈ। ਨੌਵੀਂ ਮਾਤਰਾ ਉੱਤੇ ਖਾਲੀ ਮੰਨਦੇ ਹਨ। ਇਹ ਤਾਲ ਖਿਆਲ ਗੀਤ ਦੇ ਨਾਲ ਜ਼ਿਆਦਾ ਵਜਾਈ ਜਾਂਦੀ ਹੈ।

ਮੱਧ ਲੈਅ | ਤਿੰਨ ਤਾਲ | ਇੱਕ ਗੁਣ

| | | | | |
|---|---|---|---|---|
| ਮਾਤਰਾ | 1 2 3 4 | 5 6 7 8 | 9 10 11 12 | 13 14 15 16 |
| ਤਾਲ ਦੇ ਬੋਲ | ਧਾ ਧਿੰ ਧਿੰ ਧਾ | ਧਾ ਧਿੰ ਧਿੰ ਧਾ | ਧਾ ਤਿੰ ਤਿੰ ਤਾ | ਤਾ ਧਿੰ ਧਿੰ ਧਾ |
| ਤਾਲੀ ਚਿੰਨ੍ਹ | x | 2 | 0 | 3 |

# ਤਾਲ ਕਹਿਰਵਾ

ਤਾਲ ਕਹਿਰਵਾ ਵਿੱਚ ਅੱਠ ਮਾਤਰਾਂ ਹੁੰਦੀਆਂ ਹਨ। ਇਸ ਦੇ ਚਾਰ ਚਾਰ ਮਾਤਰਵਾਂ ਦੇ ਦੋ ਭਾਗ ਹੁੰਦ ਹਨ। ਪਹਿਲੀ ਮਾਤਰਾ ਤੇ ਸਮ ਅਤੇ ਪੰਜਵੀਂ ਮਾਤਰਾ ਤੇ ਖਾਲੀ ਮੰਨਦੇ ਹਨ। ਇਸ ਤਾਲ ਦਾ ਪ੍ਰਯੋਗ ਹਲਕੇ ਫੁਲਕੇ ਗਾਣਿਆਂ ਅਰਥਾਤ ਗੀਤ, ਭਜਨ, ਗਜ਼ਲ. ਸ਼ਬਦ ਆਦਿਕ ਕੀਤਾ ਜਾਂਦਾ ਹੈ।

ਮੱਧ ਲੈਅ ਤਾਲ ਕਹਿਰਵਾ ਇੱਕ ਗੁਣ

| | | | | | | | | |
|---|---|---|---|---|---|---|---|---|
| ਮਾਤਰਾ | 1 | 2 | 3 | 4 | 5 | 6 | 7 | 8 |
| ਤਾ ਦੇ ਬੋਲ | ਧਾ | ਗੇ | ਨਾ | ਤਿ | ਨ | ਕ | ਧਿ | ਨਾ |
| ਤਾਲੀ ਦੇ ਚਿੰਨ੍ਹ | X | | | | 0 | | | |

✻✻✻✻

# ਰਾਗੀਆਂ, ਰਬਾਬੀਆਂ ਅਤੇ ਰਸੀਆਂ ਨੂੰ ਬੇਨਤੀ

✻ ਆਉਂਦੀਆਂ ਗਰਮੀਆਂ ਵਿਚ ਸਿੱਖ ਜਗਤ ਨਾਲ ਸਬੰਧਤ ਆਪਣੀਆਂ ਲੱਭਤਾਂ ਦੀਆਂ ਨੁਮਾਇਸ਼ਾਂ ਦਾ ਪ੍ਰੋਗਰਾਮ ਬਣਾਇਆ ਗਿਆ ਹੈ। ਇਹ ਪ੍ਰਦਰਸ਼ਨੀਆਂ ਇੰਗਲੈਂਡ, ਕਨੇਡਾ, ਅਮਰੀਕਾ, ਪਾਕਿਸਤਾਨ ਅਤੇ ਭਾਰਤ ਵਿਚ ਵੀ ਲਾਈਆਂ ਜਾਣਗੀਆਂ। ਸਿੱਖ ਕੀਰਤਨ ਪਰੰਪਰਾ ਦੇ ਰਾਗੀ ਅਤੇ ਰਬਾਬੀ ਇਿਹਨਾਂ ਦਾ ਮੁੱਖ ਅੰਗ ਹਨ।

ਸੰਸਾਰ ਪਰ ਦੇ ਨਵੇਂ ਪੁਰਾਣੇ ਰਾਗੀਆਂ, ਰਬਾਬੀਆਂ ਅਤੇ ਰਸੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਸ ਵਿਸ਼ੇ ਨਾਲ ਸਬੰਧਤ ਲਿਖਤਾਂ, ਹੱਥ ਲਿਖਤਾਂ, ਪੁਰਾਣੇ ਤਵਿਆਂ ਅਤੇ ਪੁਰਾਣੀਆਂ/ਨਵੀਆਂ ਅਦੁੱਤੀ ਤਸਵੀਰਾਂ ਇਸ ਪਤੇ ਤੇ ਭੇਜ ਕੇ ਧੰਨਵਾਦੀ ਬਣਾਉਣ। ਦਾਨੀ ਸੱਜਣਾਂ ਦੇ ਨਾਂ ਕੈਟਲਾਗ ਵਿਚ ਦਿੱਤੇ ਜਾਣਗੇ।

ਬਲਬੀਰ ਸਿੰਘ ਕੰਵਲ

Balbir Singh Kanwal, 2-Albert Road,
ILFORD-ESSEX IGI - HIL U.K.

# ਆਸਾ ਰਾਗੁ ਦੀ ਵਾਰ

## ਵਾਰ ਦੀ ਸਤਾਰਵੀਂ ਪਉੜੀ ਸਲੋਕਾਂ ਸਹਿਤ

ਲੜੀ ਵਾਰ :

ਸ਼ਲੋਕ ਮ : ੧ ॥ ਜੋ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ ।
ਅਗੈ ਵਸਤੁ ਸਿਆਣੀਐ ਪਿਤਰੀ ਚੋਰ ਕਰੇਇ ।
ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਹਿ ।
ਨਾਨਕ ਅਗੈ ਸੋ ਮਿਲੈ ਜਿ ਖਟੇਘਾਲੇ ਦੇਇ ॥ ੧ ॥

ਮ : ੧ ॥ ਜਿਉ ਜੋਰੂ ਸਿਰ ਨਾਵਣੀ ਆਵੈ ਵਾਰੋ ਵਾਰ ।
ਜੂਠੇ ਜੂਠਾ ਮੁਖਿ ਵਸੈ ਨਿਤ ਨਿਤ ਹੋਇ ਖੁਆਰੁ ।
ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ ।
ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥ ੧ ॥

ਵਿਆਖਿਆ :- ਉਪ੍ਰੋਕਤ ਸਲੋਕ ਵਿਚ ਸਾਹਿਬ ਗੁਰੂ ਨਾਨਕ ਪਾਤਸ਼ਾਹ ਧਰਮ ਦੇ ਨਾਮ ਤੇ ਚਲ ਰਹੀ ਅੰਧ (ਸਰਾਪੜੀ) ਵਿਸ਼ਵਾਸੀ ਨੂੰ ਨਿਰਮੂਲ ਕਰਦੇ ਹੋਏ ਸਮਝਾਂਉਂਦੇ ਹਨ ਕਿ ਜੇ ਕੋਈ ਮਨੁਖ ਚੋਰੀ ਕਰਕੇ ਉਹ ਮਾਲ ਪਿਤਰਾਂ ਦੇ ਨਿਮਤ ਦਾਨ ਦਿੰਦਾ ਹੈ ਤਾਂ ਓਥੇ ਪ੍ਰਲੋਕ 'ਚ ਤਾਂ ਉਹ ਵਸਤੂ ਪਛਾਣੀ ਜਾਵੇਗੀ ਤੇ ਜਿਸ ਦੇ ਘਰੋਂ ਚੋਰੀ ਹੋਈ ਹੈ ਓਸ ਦੇ ਪਿਤਰ ਓਸ ਨੂੰ ਪਛਾਣ ਲੈਣਗੇ ਕਿ ਇਹ ਤਾਂ ਚੋਰੀ ਦੇ ਹਨ ਤੇ ਇਸ ਤਰ੍ਹਾਂ ਓਸ ਦੇ ਪਿਤਰ ਵੀ ਚੋਰੀ ਦੇ ਭਾਗੀ ਬਣ ਜਾਣਗੇ ਤੇ ਚੋਰੀ ਕਰਨ ਵਾਲਾ, ਦਾਨ ਲੈਣ ਵਾਲਾ ਵਿਚੋਲਾ ਵੀ ਸਜ਼ਾ ਦਾ ਭਾਗੀ ਹੋ ਜਾਵੇਗਾ । ਇਸ ਸਲੋਕ ਵਿਚੋਂ ਮਿਠੀ ਚੋਟ ਧਰਮ ਦੇ ਠਕੇਦਾਰਾਂ ਪੰਡਤਾਂ ਨੂੰ ਇੰਜ ਹੀ ਕੀਤੀ ਹੈ ਜਿਵੇਂ ਪਿਛ ਮੁਸਲਮਾਨਾ ਦੇ ਬਾਬਤ ਇਸ ਵਹਿਮ ਦੀ ਕੀਤੀ ਗਈ ਹੈ ਕਿ "ਮਿਟੀ ਮੁਸਲਮਾਨ ਕੀ ਪੇੜੇ ਪਈ ਘੁਮਿਆਰ" ਦਸ ਕੇ ਕਿ ਓਥੇ ਦਰਗਾਹ ਵਿਚ ਕਿਸੇ ਦੀ ਸਫ਼ਾਰਸ਼ ਨਹੀਂ ਚਲਣੀ ਓਥੇ ਤਾਂ

ਸੱਚ ਦੀ ਪਰਖ ਹੋਣੀ ਹੈ। ਧਰਮ ਵਿਚ ਜੋ ਵਿਚੋਲੇ ਬਣਾਦੇ ਹਨ ਉਨ੍ਹਾਂ ਨੂੰ ਚੋਰ ਜਿਨ੍ਹੀ ਸਜਾ ਮਿਲੇਗੀ ਪ੍ਰੋੜਤਾ ਹੈ (ਵਢੀਅਹਿ ਹੱਥ ਦਲਾਲ ਕੇ ਮੁਸਫ਼ੀ ਏਹ ਕਰੇਇ) ਕਿਸੇ ਕੋਲੋਂ ਦਾਨ ਲੈਕੇ ਅਰਦਾਸਾਂ ਕਰਨ ਵਾਲਾ ਵੀ (ਵਿਚੋਲਾ ਦਲਾਲ ਬਣਦਾ ਹੈ) ਸੋ ਅਗੇ ਤਾਂ ਤੇਰੀ ਅਪਣੀ ਕੀਤੀ ਨੇਕ ਚਲਣੀ ਹੀ ਤੇਰੇ ਕੰਮ ਆ ਸਕਦੀ ਹੈ ਸਲੋਕ ਦਾ ਸਾਰ ਹੈ ਕਿ ਦਸਾਂ ਨਵਾਂ ਦੀ ਕਿਰਤ ਕਰਕੇ ਹੀ ਇਨ੍ਹਾਂ ਸਜਾਵਾਂ ਤੋਂ ਭਾਵ ਜਨਮ ਮਰਨ ਤੋਂ ਬਚ ਸਕੇਗਾ।

ਸਲੋਕ ਦੇ ਦੂਜੇ ਪੜਾਵ ਵਿਚ ਗ੍ਰਿਹਸਤ ਚੋਂ ਮਸਾਲ ਦੇਕੇ ਸਮਝਾਉਣਾ ਕੀਤਾ ਹੈ ਕਿ ਜਿਸ ਤਰ੍ਹਾਂ ਇਸਤ੍ਰੀ ਨੂੰ ਹਰ ਮਹੀਨੇ (ਮੰਥਲੀ) ਆਉਂਦੀ ਹੈ (ਇਹ ਇਸਤ੍ਰੀ ਦਾ ਰਜੋ ਧਰਮ ਹੈ) ਤੇ ਉਹ ਨਹਾ ਕੇ ਸਿਰ ਧੋ ਸੁਚੀ ਹੋਣ ਤੇ ਹੀ ਪੂਜਾ ਪਾਠ ਕਰ ਸਕਦੀ ਹੈ। ਇੰਜ ਨਹੀਂ ਸੁੱਚਾ ਤਾਂ ਪ੍ਰਭੂ ਦਾ ਨਾਮ ਹੈ ਦਿਖਾਵੇ ਦੀਆਂ ਚੁਲੀਆਂ ਸਦਾ ਲਈ ਜੂਠਾ ਪਨ ਨਹੀਂ ਮੁਕਾ ਸਕਣਗੀਆਂ ਤੇ ਨਾਵਣ ਤੇ ਪਿੰਡਾ ਧੋਵਣ ਵਿਚ ਸੁੱਚ ਨਹੀਂ ਸੁੱਚਾ ਹੈ ਓਸ ਦੇ ਨਾਮ ਵਿਚ ਲਗਣਾ। ਜਿਨ੍ਹਾਂ ਦੇ ਮਨ ਵਿਚ ਉਸ ਦਾ ਨਾਮ ਹੈ ਓਹ ਸਦਾ ਸੁਚੇ ਹਨ ਇਸਤ੍ਰੀ ਜਾਤੀ ਨੂੰ ਜੋ ਸਮਾਜ ਵਿਚ ਨੀਵਾਂ ਦਰਜਾ ਧਰਮ ਦੇ ਨਾਮ ਤੇ ਦਿਤਾ ਸੀ ਓਸਦਾ ਉਪ੍ਰੋਕਤ ਸਲੋਕ ਚੋਂ ਖੰਡਨ ਕੀਤਾ ਹੈ। ਸਰੀਰਕ ਤੌਰ ਤੇ ਇਸਤ੍ਰੀ ਤੇ ਮਰਦ ਹੋਣ ਕਰਕੇ ਓਥੇ ਦਰਗਾਹ ਵਿਚ ਵਿਸ਼ੇਸ਼ ਥਾਂ ਨਹੀਂ ਮਿਲਦੀ ਜਿਵੇਂ ਸਾਹਿਬ ਗੁਰੂ ਅਰਜਨ ਦੇਵ ਜੀ ਵੀ ਸਮਝਾਦੇ ਹਨ "ਮਾਟੀ ਕਾ ਕਿਆ ਧੋਪੇ ਸੁਆਮੀ, ਮਾਨਸ ਕੀ ਗਤਿ ਏਹੀ" ਸੋ ਇਸਤ੍ਰੀ ਦੋਵੇਂ ਹੀ ਬਰਾਬਰ ਹਨ ਜਿਨ੍ਹਾਂ ਦੇ ਮਨ ਵਿਚ ਓਸ ਵਾਹਿਗੁਰੂ ਦਾ ਨਾਮ ਵਸਦਾ ਹੈ। 2 ॥ ਅਤੇ ਅਗੇ ਪਉੜੀ ਵਿਚ ਅਕਜਾਸ ਪਾਪ ਬਿਰਤੀ ਵਾਲੇ ਮਨੁਖਾਂ ਦਾ ਅੰਤ ਦੱਸਿਆ ਹੈ :—

ਪਉੜੀ। ਤੁਰੇ ਪਲਾਣੇ ਪਉਣ ਵੇਗ ਹਰ ਰੰਗੀ ਹਰਮ ਸਵਾਰਿਆ ॥
ਕੋਠੇ ਮੰਡਪ ਮਾੜੀਆ ਲਾਇ ਬੈਠੇ ਕਰਿ ਪਾਸਾਰਿਆ ॥
ਚੀਜ ਕਰਨਿ ਮਨਿ ਭਾਵਦੇ ਹਰਿ ਬੁਝਨਿ ਨਾਹੀ ਹਾਰਿਆ ॥
ਕਰਿ ਫੁਰਮਾਇਸਿ ਖਾਇਆ ਵੇਖਿ ਮਹਲਤਿ ਮਰਣੁ ਵਿਸਾਰਿਆ ॥
ਜਰੁ ਆਈ ਜੋਬਨਿ ਹਾਰਿਆ ॥ 17 ॥

ਵਿਆਖਿਆ :- ਇਸ ਉਪਰੋਕਤ ਪਉੜੀ ਵਿੱਚ ਹੁਕਮ੍ਰ ਕਰਨ ਵਾਲਿਆਂ ਰਾਜਸੀ ਤੇ ਅਮੀਰਾਂ ਦੀਆਂ ਦੁਨਿਆਵੀ ਮੌਜਾਂ ਦਾ ਜਿਕਰ ਕਰਨ ਬਾਦ ਬੁਡਾਪੇ ਦਾ ਨਕਸ਼ਾ ਖਿਚਿਆ ਹੈ ਕਿ ਸਭ ਕੁਝ ਹੁੰਦਿਆਂ ਵੀ ਭੋਗ ਭੋਗਣ ਦੀ ਸਤਰਜਾ ਹੀ ਨਹੀਂ ਰਹਿੰਦੀ ਸਾਰੀ ਉਮਰ ਹਰਿ ਬੂਝਨਿ ਨਾਹੀਂ ਵਿਚ ਲੰਘ ਗਈ ਤੇ ਅੰਤ ਵੇਲੇ "ਹਾਰਿਆ" ਹੋ ਪਛਤਾਵੇ ਵਿਚ ਗਈ। ਸੋ ਸਲੋਕ ਪਹਿਲੇ ਵਿਚ ਇਨ੍ਹਾਂ ਹਕੂਮਤਾਂ ਵਾਲਿਆਂ ਨੂੰ ਖੁਸ਼ ਕਰਨ ਲਈ 16ਵੀਂ ਪਉੜੀ ਪਿਛਲੀ ਲੰਘੀ ਵਿਚ ਦਸਿਆ ਹੈ ਕਿ ਓਹ ਵੱਢੀਆਂ ਖਾਕੇ ਸਰਾਧ ਆਦਿ ਕਰਮ ਕਰਦੇ ਹਨ ਤੇ ਤੀਰਥਾਂ ਦੇ ਇਸਨਾਨ ਕਰਕੇ ਸੁਚਮਾਂ ਦੱਸਦੇ ਹਨ। ਸਭ ਕੁਝ ਤੇ ਝੂਠ ਹੈ। ਸੋ ਇਸਾਰੇ ਮਾਤਰ ਵਿਚ ਹੀ ਗੁਰੂ ਨਾਨਕਪਾਤਸ਼ਾਹ ਸਮਝਾਉਣ ਕਰ ਰਹੇ ਹਨ ਕਿ ਜੇ ਹਾਕਮ ਜੋਰ ਜੁਲਮ ਕਰਕੇ "ਹਾਰ ਕੇ ਗਏ" ਤਾਂ ਉਹਨਾਂ ਦੇ (ਚਮਚੇ) ਖੁਸ਼ਾਮਦੀ ਹੋਕੇ ਵਢੀ ਆਦਿ ਧਨ ਕੱਠਾ ਕਰਕੇ ਸਰਾਧ ਤੇ ਸੁਚ ਕਰਮਾਂ ਨਾਲ ਵੀ ਬਾਜ਼ੀ ਹਾਰ ਕੇ ਹੀ ਜਾਣਗ। ਸਾਹਿਬ ਗੁਰੂ ਤੇਗ ਬਹਾਦਰ ਜੀ ਵੀ ਇੰਜ ਚਿਤਾਵਨੀ ਧਨਾਸਰੀ ਰਾਗ ਚ ਦੇ ਰਹੇ ਹਨ :—

"ਜੋਬਨੁ ਧਨੁ ਪ੍ਰਭਤਾ ਕੈ ਮੱਦ ਮੈ ਅਹਿਨਸ ਰਹੈ ਦਿਵਾਨਾ ॥"

———0———

# ਸ੍ਰੀਰਾਗੁ

ਠਾਠ :— ਪੂਰਬੀ ਸਮਾਂ ਸ਼ਾਮ
ਜਾਤੀ :— ਉੜਵ ਸਪੂੰਰਣ ਰਾਪੁ ਵਰਜਤ ਅਰੋਹ ਵਿੱਚ
ਵ ਦੀ :— ਰੇ੍ ਸੰਵਾਦੀ—ਪ
ਆਰਹ :— ਸ ਰੇ ਰੇ੍, ਸ, ਰੇ੍, ਮੇ ਪ, ਨ ਸੰ,
ਅਵਰੋਹ :— ਸ ਨ ਧੁ, ਪ, ਮ ਗ ਰੇ੍, ਗ ਰੇ੍ ਸ

ਪਕੜ :— ਸ ਰੇ੍ᴳ ਰੇ੍ᴳ ਪ, ਮੰ ਗ ਰੇ੍, ਗ ਰੇ੍ ਸ

## ਸ੍ਰੀ ਰਾਗੁ ਰਵਿਦਾਸ ਜੀਉ

ਤੋਹੀ ਮੋਹੀ ਮੋਹੀ ਤੋਹੀ ਅੰਤਰ ਕੈਸਾ ॥
ਕਨਕ ਕਟਿਕ ਜਲ ਤਰੰਗ ਜੈਸਾ ॥ ੧ ॥
ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ ॥
ਪਤਿਤ ਪਾਵਨ ਨਾਮੁ ਕੈਸੇ ਹੁੰਤਾ ॥
ਤੁਮ ਜ ਨਾਇਕ ਆਛਹੁ ਅੰਤਰਜਾਮੀ ॥
ਪ੍ਰਭ ਤੇ ਜਨ ਜਾਨੀਜੈ, ਜਨ ਤੇ ਸੁਆਮੀ ॥ 2 ॥
ਸਰੀਰ ਆਰਾਧੈ ਮੋ ਕਉ ਬੀਚਾਰੁ ਦੇਹ ॥
ਰਵਿਦਾਸ ਸਮਦਲ ਸਮਝਾ ਹੈ ਕੋਉ ॥ 3 ॥

| X | | 0 | | 2 | | 0 | | 3 | | 4 | |
|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 |
| ਸ | — | ਸ | ਪ | — | ਪ | ਧੁ | — | ਧੁ | ਪ | — | ਪ |
| ਤੋ | S | ਹੀ | ਮੋ | S | ਹੀ | ਮੋ | S | ਹੀ | ਤੋ | S | ਹੀ |
| ਮੰ | — | — | ਧੁ | — | ਸੰ | ਨ | — | ਧੁ | ਪ | — | — |
| ਅੰ | S | S | ਤ | S | ਰੁ | ਕੈ | S | S | ਸਾ | S | S |
| ਗ | ਰੁ | ਸ | ਪ | ਪ | ਪ | ਰੇ੍ | ਗ | ਰੇ | ਸ | — | ਸ |
| ਕ | ਨ | ਕ | ਕ | ਟਿ | ਕ | ਜ | ਲ | ਤ | ਰੰ | S | ਗਾ |
| ਸ | ਸ | ਸ | ਪ | — | ਪ | ਰੇ | ਗ | ਰੇ੍ | ਸ | — | — |
| ਜ | ਲ | ਤ | ਹੰ | S | ਗ | ਜੈ | S | S | ਸਾ | S | S |
| | | | | | ਮ | | | | | | |
| ਮੰ | — | ਮ | ਧੁ | ਧੁ | ਧੁ | ਸੰ | ਸੰ | ਸੰ | ਸੰ | — | ਸੰ |
| ਜਉ | S | ਪੈ | ਹ | ਮ | ਨ | ਪਾ | ਪ | ਕ | ਰੰ | S | ਤਾ |
| ਨ | ਨ | — | ਰੇ੍ | — | ਗ | ਰੇਂ | — | — | ਸੰ | — | — |
| ਅ | ਹੇ | S | S | S | ਅ | ਨੰ | S | S | ਤਾ | S | S |
| ਨ | ਨ | ਧੁ | ਪ | ਪ | ਪ | ਰੇਂ੍ | ਗ | ਰੇਂ੍ | ਸ | — | ਸ |
| ਪ | ਤਿ | ਤ | ਪਾ | ਵ | ਨ | ਨਾ | S | ਮ | ਕੈ | S | ਸੇ |
| ਸ | — | ਸ | ਪ | — | ਪ | ਰੇਂ੍ | ਗ | ਰੇਂ੍ | ਸ | — | — |
| ਨਾ | S | ਮ | ਕੈ | S | ਸੇ | ਹੁੰ | S | S | ਤਾ | S | S |

# ਤਾਲ ਇੱਕਤਾਲ

| X | | 0 | | 2 | | 0 | | 3 | | 4 | |
|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 |
| ਧਾ | ਧਾ | ਤਿਰ | ਕਿਟ | ਤੂ | ਨਾ | ਕ | ਤਾ | ਧਾਗੇ | ਤਿਰਕਿਟ | ਧਿੰ | ਨਾ |

ਤਾਲੀ

X

ਖਾਲੀ

0

ਮਾਤ੍ਰਾ — 12
ਤਾਲੀਆਂ — 4
ਖਾਲੀਆਂ — 2

Sri Rag.

Thou art me, I am Thou. What is the difference.

The same as between gold, and its bracelet and between water and its ripples.

If I did not commit sins, O my Infnite Lord ! how shouldest thou have gained the Name of the Redeemer of sinners ? Pause.

Thou, who art my Master, art the searcher of hearts.

From the Lord is known His servant and from the servant his Lord,

Grant me the wisdom to meditate on Thee with my body.
Some rare person can explain to me that the Lord is uniformly contained amongst multitudes (all) O' Ravdass !

ਸਿਰੀ ਰਾਗ ।

ਤੂੰ ਮੈਂ ਹਾਂ, ਮੈਂ ਤੂੰ ਹੈਂ । ਕੀ ਫਰਕ ਹੈ ?

ਐਹੋ ਜੇਹਾ ਜਿਹਾ ਕਿ ਸੋਨੇ ਤੇ ਇਸ ਦੇ ਕੜੇ, ਵਿਚ ਅਤੇ ਪਾਣੀ; ਤੇ ਇਸ ਦੀਆਂ ਲਹਿਰਾਂ ਵਿਚ ।

ਜੇਕਰ ਮੈਂ ਗੁਨਾਹ ਨਾਂ ਕਮਾਉਂ, ਹੇ ਮੇਰੇ ਬੇਅੰਤ ਸੁਆਮੀ ! ਤਾਂ ਪਾਪੀਆਂ. ਨੂੰ ਪਵਿੱਤਰ ਕਰਨ ਵਾਲਾਂ, ਤੇਰਾ ਨਾਮ ਕਿਸ ਤਰ੍ਹਾਂ ਪਰਾਪਤ ਹੁੰਦਾ ? ਠਹਿਰਾਉ ।

ਤੂੰ, ਜੋ ਮੇਰਾ ਮਾਲਕ ਹੈ, ਦਿਲਾਂ ਦੀਆਂ ਜਾਣਨਹਾਰ ਹੈਂ ।

ਸਾਹਿਬ ਤੋਂ ਉਸ ਦਾ ਨੌਕਰ ਜਾਣਿਆ ਜਾਂਦਾ ਹੈ ਅਤੇ ਨੌਕਰ ਤੋਂ ਉਸ ਦਾ ਮਾਲਿਕ ।

ਮੈਨੂੰ ਸਿਆਣਪ ਬਖਸ਼ ਤਾਂ ਜੋ ਆਪਣੀ ਦੇਹਿ ਨਾਲ ਤੇਰਾ ਸਿਮਰਨ ਕਰਾ ।

ਕੋਈ ਵਿਰਲਾ ਪੁਰਸ਼ ਹੀ ਮੈਨੂੰ ਦਰਸਾ ਸਕਦਾ ਹੈ ਕਿ ਸਾਹਿਬ ਸਮੁਦ ਵਾਂ (ਸਾਰਿਆਂ) ਅੰਦਰ ਇਕ ਸੁਰ ਰਸਿਆ ਹੋਇਆ ਹੈ, ਹੇ ਰਵਿਦਾਸ ।

# ਕੱਲਰਾਂ ਵਿੱਚ ਕੰਵਲ ਉਗਾਣ ਵਾਲਾ

(ਗੁਰਦੇਵ ਸਿੰਘ ਹਾਂਗਕਾਂਗ)

ਪ੍ਰਸਿੱਧ ਕਹਾਣੀਕਾਰ ਸੁਜਾਨ ਸਿੰਘ ਹੋਰਾਂ ਕੋਲੋਂ ਜਦੋਂ ਮੈਂ ਗਿਆਨੀ ਦੇ ਇਮਤਿਹਾਨ ਦੀ ਤਿਆਰੀ ਲਈ ਪੜ੍ਹ ਰਿਹਾ ਸਾਂ ਤਾਂ ਉਹਨਾਂ ਇੱਕ ਘਟਨਾਂ ਸੁਣਾਈ ਸੀ, ਬਾਅਦ ਸ਼ਾਇਦ ਇਹ ਉਹਨਾਂ ਕਿਤੇ ਲਿਖੀ ਵੀ ਹੈ।

ਇੱਕ ਦਿਨ ਉਹ ਈਸ਼ਵਰ ਚਿਤਰਕਾਰ ਨੂੰ ਮਿਲਣ ਗਏ। ਈਸ਼ਵਰ ਚਿਤਰਕਾਰ ਉਦੋਂ ਬੜਾਂ ਖੂਬਸੂਰਤ ਚਿਤਰ ਮੁਕੰਮਲ ਕਰਕੇ ਹਟਿਆ ਸੀ ਆਕਾਸ਼ ਅਤੇ ਧਰਤੀ ਉਤੇ ਰੰਗਾਂ ਦੀ ਇਕ ਬਹਾਰ ਛਾਈ ਹੋਈ ਸੀ। ਸੁਜਾਨ ਸਿੰਘ ਹੋਰਾਂ ਚਿਤਰ ਦੀ ਤਾਰੀਫ ਕੀਤੀ ਅਤੇ ਪੁੱਛਿਆ, "ਇਹ ਸੁੰਦਰ ਦ੍ਰਿਸ਼ ਕਿਥੋਂ ਲਿਆ ਹੈ?" ਈਸ਼ਵਰ ਨੇ ਕਿਹਾ, "ਇਹ ਦ੍ਰਿਸ਼ ਅੰਮ੍ਰਿਤਸਰ ਦਾ ਹੀ ਹੈ।" "ਹੋ ਹੀ ਨਹੀਂ ਸਕਦਾ। ਅੰਮ੍ਰਿਤਸਰ ਦੇ ਚੱਪੇ ਚੱਪੇ ਤੋਂ ਤਾਂ ਮੈਂ ਵਾਕਫ ਹਾਂ।' ਸੁਜਾਨ ਸਿੰਘ ਨੇ ਕਿਹਾ। ਈਸ਼ਵਰ ਬੋਲਿਆ, "ਚੰਗਾ ਫਿਰ ਸ਼ਾਮੀ ਪੰਜ ਵਜੇ ਆ ਜਾਈਂ ਤੈਨੂੰ ਇਹ ਦ੍ਰਿਸ ਵਿਖਾ ਲਿਆਵਾਂਗਾ। ਸ਼ਾਮੀ ਪੰਜ ਵਜੇ ਦੋਵੇਂ ਯਾਰ ਸ਼ਹਿਰ ਦੇ ਪੱਛਮ ਵਾਲੇ ਪਾਸੇ ਤੁਰ ਪਏ। ਰਾਹ ਵਿੱਚ ਈਸ਼ਵਰ ਨੇ ਪੁੱਛਿਆ 'ਕੋਈ ਰੁਮਾਲ ਹੈਗਾ।' ਆਹੋ, ਪਰ, ਕੀ ਕਰਨਾ ਏ? ਸੁਜਾਨ ਸਿੰਘ ਨੇ ਕਿਹਾ। 'ਲੋੜ ਪੈ ਸਕਦੀ ਹੈ।' ਈਸ਼ਵਰ ਨੇ ਕਿਹਾ। ਉਹ ਸ਼ਹਿਰ ਦੇ ਬਾਹਰਵਾਰ ਪਹੁੰਚ ਗਏ। ਇਥੇ ਚਮੜਾ ਰੰਗਣ ਦਾ ਕੰਮ ਹੁੰਦਾ ਸੀ। ਥਾਂ ਥਾਂ ਛਪੜੀਆਂ ਸਨ। ਉਹਨਾਂ ਵਿੱਚ ਰੰਗਦਾਰ ਪਾਣੀ ਜਮਾਂ ਸੀ। ਡੁੱਬ ਰਹੇ ਸੂਰਜ ਦੀ ਲਾਲੀ ਦੇ ਪਰਛਾਵੇ ਨਾਲ ਆਕਾਸ਼ ਅਤੇ ਧਰਤੀ ਦੇ ਰੰਗ ਇੱਕ ਜਿਹੇ ਹੋਏ ਸਨ। ਅਨੂਠਾ ਦ੍ਰਿਸ਼ ਸੀ। ਪਰ ਉਥੇ ਬਦਬੂ ਇਤਨੀ ਆ ਰਹੀ ਸੀ ਕਿ ਸੁਜਾਨ ਸਿੰਘ ਹੋਰਾਂ ਨੂੰ ਰੁਮਾਲ ਦੀ ਵਰਤੋਂ ਕਰਨੀ ਅਤੇ ਉਹ ਉਥੇ ਬਹੁਤੀ ਦੇਰ ਰੁਕ ਵੀ ਨਾ ਸਕੇ। ਕਮਾਲ ਏ ਤੂੰ ਕਿਥੋਂ ਕਿਥੋਂ ਆਪਣੇ ਮਤਲਬ ਦੇ ਦ੍ਰਿਸ਼ ਕਢ ਲੈਨੈ। ਸੁਜਾਨ ਸਿੰਘ ਹੋਰਾਂ ਨੇ ਕਿਹਾ।

ਜਦੋਂ ਹਾਂਗਕਾਂਗ ਵਿਚ ਕਾਰ ਤੇ ਮੈ ਗੁਰਦੇਵ ਸਿੰਘ ਦੇ ਘਰ ਜਾ ਰਿਹਾ ਸਾਂ ਤਾਂ ਉਹ ਮੈਨੂੰ ਆਪਣੀ ਨੌਕਰੀ ਅਤੇ ਸੌਕ ਬਾਰੇ ਗੱਲਾਂ ਕਰ ਰਿਹਾ ਸੀ ਤਾਂ ਮੈਨੂੰ ਉਪਰੋਕਤ ਘਟਨਾ ਯਾਦ ਆਈ।



ਸ. ਗੁਰਦੇਵ ਸਿੰਘ (ਸੱਜੇ ਪਾਸੇ)
ਅਤੇ ਲੇਖਕ ਡਾ, ਜਗੀਰ ਸਿੰਘ

ਗੁਰਦੇਵ ਸਿੰਘ ਜੰਮਿਆ ਪਲਿਆ ਸੰਗਰੂਰ ਵਿੱਚ ਹੈ। ਪੜ੍ਹਨ ਦੀ ਲਗਨ ਹੋਣ ਦੇ ਬਾਵਜੂਦ ਵੀ ਉਹ ਬਹੁਤੀਆਂ ਜਮਾਤਾਂ ਨਹੀਂ ਪਾਸ ਕਰ ਸਕਿਆ। ਉਸ ਨੂੰ ਨੌਕਰੀ ਕਰਨੀ ਹਾਂਗਕਾਂਗ ਦੀ ਵੱਡੀ ਜੇਲ ਸਟੈਨਲੇ ਵਿੱਚ। ਇਥੇ ਉਹ ਭਾਂਤ ਭਾਤ ਦੇ ਮੁਜਰਮਾਂ ਸੰਗ ਵਿਚਰਦਾਂ ਹੈ। ਪਰ ਉਹ ਇਹਨਾਂ ਮੁਜਰਮ ਕੈਦੀਆਂ ਦੀ ਸਹਾਇਤਾ ਇਕ ਮਹਾਨ ਕਾਰਜ ਲਈ ਲੈ ਰਿਹਾ ਜਾਂ। ਉਸ ਨੇ ਪਹਿਲਾਂ ਚੀਨੀ ਭਾਂਸ਼ਾ ਵਿੱਚ ਸਿਖ ਰਹਿਤ ਮਰਯਾਦਾ ਅਨੁਵਾਦ ਕੀਤੀ। ਹੁਣ ਉਹ ਜਪਜੀ ਦਾ ਅਨੁਵਾਦ ਕਰ ਰਿਹਾ ਹੈ। ਉਸ ਦੀ ਇੱਛਾ ਹੈ ਕਿ ਵਧ ਤੋਂ ਵਧ ਗੁਰਮਤ ਸਾਹਿਤ ਚੀਨੀ ਭਾਸ਼ਾ ਵਿਚ ਅਨੁਵਾਦ ਕਰਕੇ ਲਾਇਬਰੇਰੀਆਂ ਵਿਚ ਪਹੁਚਾਇਆ ਜਾਵੇ।

ਉਹਨੇ ਦਸਿਆ ਕਿ ਚੀਨੀ ਕੈਦੀ ਇਸ ਕੰਮ ਵਿਚ ਉਹਦੀ ਸਹਾਇਤਾ ਖਿੜੇ ਮੱਥੇ ਕਰਦੇ ਹਨ। ਇਹ ਕੰਮ ਕਰਦਿਆਂ ਸਿਖਾਂ ਬਾਰੇ ਚੀਨੀਆਂ ਦੇ ਮਨ ਵਿਚ ਚੰਗੀਆਂ ਭਾਵਨਾਵਾਂ ਪੈਦਾ ਹੋਈਆਂ ਹਨ। ਗੁਰਦੇਵ ਸਿੰਘ ਦਾ ਜੇਲ ਦੇ ਕੈਦੀਆਂ ਤੋਂ ਇਹ ਕੰਮ ਲੈਣਾ ਸਚਮੁਚ ਕੱਲਰ ਵਿਚ ਕੰਮਲ ਉਗਾਉਣ ਵਾਂਗ ਹੀ ਹੈ। ਸਾਡਾ ਵੀ ਫਰਜ਼ ਬਣਦਾ ਹੈ ਜੇ ਗੁਰਦੇਵ ਸਿੰਘ ਦੀ ਕੋਈ ਹੋਰ ਸਹਾਇਤਾ ਨਹੀਂ ਕਰ ਸਕਦੇ ਤਾਂ ਘੱਟੋ ਘੱਟ ਚਿੱਠੀਆਂ ਲਿਖ ਕੇ ਉਸਦਾ ਉਤਸ਼ਾਹ ਤਾਂ ਵਧਾਈਏ।

ਗੁਰਦੇਵ ਸਿੰਘ ਦਾ ਪਤਾ :

GURDEV SINGH BATH
11 Tung Tan Wan Lane
5th Floor Flat G, Block L
Stanley Prison Ouarter
Stanley Hong Kong

# ਸਾਡੇ ਕੀਰਤਨੀਏ



ਭਾਈ ਹਰੀ ਸਿੰਘ ਜੀ

**ਭਾਈ ਸਾਹਿਬ ਭਾਈ ਹਰੀ ਸਿੰਘ ਜੀ**
**ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ**
**ਅੰਮ੍ਰਿਤਸਰ**

ਪ੍ਰਸਿੱਧ ਰਾਗੀ ਭਾਈ ਸਾਹਿਬ ਭਾਈ ਹਰੀ ਸਿੰਘ ਜੀ ਤਕਰੀਬਨ 50 ਸਾਲਾਂ ਤੋਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਕੀਰਤਨ ਦੀ ਸਵਾ ਲਗਾਤਾਰ ਨਿਭਾ ਰਹੇ ਹਨ।

ਆਪ ਜੀ ਦਾ ਜਨਮ 24 ਅਕਤੂਬਰ 1924 ਨੂੰ ਪਿੰਡ ਕੋਟਲੀ ਮੁਜ਼ਫਰਾਬਾਦ (ਕਸ਼ਮੀਰ ਵਿਚ) ਹੋਇਆ ਆਪ ਜੀ ਨੇ ਮੁਢਲੀ ਤੇ ਧਾਰਮਿਕ ਵਿਦਿਆ ਆਪਣੇ ਪੂਜਯ ਦਾਦਾ ਜੀ ਅਤੇ ਪਿਤਾ ਜੀ ਪਾਸੋਂ ਪ੍ਰਾਪਤ ਕੀਤੀ। ਆਪ ਜੀ ਨੂੰ ਸੰਗੀਤ ਦੀ ਬਹੁਤ ਰੁਚੀ ਸੀ ਇਸ ਲਈ ਆਪ ਜੀ ਅੰਮ੍ਰਿਤਸਰ ਆ ਗਏ। ਇਥੇ ਆਪ ਜੀ ਨੇ ਗੁਰਮਤ ਸੰਗੀਤ ਦੀ ਵਿਦਿਆ ਭਾਈ ਸਾਹਿਬ ਭਾਈ ਮਾਨ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਪਾਸੋਂ ਪ੍ਰਾਪਤ ਕੀਤੀ। ਇਸ ਤੋਂ ਬਾਅਦ ਆਪ ਜੀ ਨੇ ਭਾਈ ਸਾਹਿਬ ਭਾਈ ਜਵਾਹਰ ਸਿੰਘ ਜੀ ਰਾਗੀ ਪਾਸੋਂ ਵੀ ਗੁਰਮਤ ਕੀਰਤਨ ਦੀ ਸਿਖਲਾਈ ਹਾਸਲ ਕੀਤੀ।

ਆਪ ਜੀ ਨੇ ਸਨ 1948 ਵਿਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿੱਚ ਕੀਰਤਨ ਦੀ ਸੇਵਾ ਸ਼ੁਰੂ ਕੀਤੀ ਜਿਹੜੀ ਕਿ ਅੱਜ ਤਕ ਤਕਰੀਬਨ 50 ਸਾਲ ਤੋਂ ਚਲੀ ਆ ਰਹੀ ਹੈ। ਆਪ ਜੀ ਇਕ ਅਕਰਸ਼ਕ, ਦੀਦਾਰੀ, ਗੁਰਮੁਖ ਪ੍ਰਭਾਵਸ਼ਾਲੀ ਸ਼ਖਸੀਅਤ ਦੇ ਮਾਲਕ ਹਨ 68 ਸਾਲ ਦੀ ਉਮਰ ਵਿਚ ਵੀ ਆਪ ਹਰ ਰੋਜ਼ ਕੀਰਤਨ ਰਿਆਜ਼ ਅਤੇ ਅਭਿਆਸ ਕਰਦੇ ਹਨ

ਆਪ ਜੀ ਅਨੁਸਾਰ ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਮੁੱਖ 31 ਰਾਗਾਂ ਦੀ ਥਾਂ 32 ਰਾਗ (ਰਾਗ ਆਸਾਵਰੀ) ਹੋਰ ਪ੍ਰਕਾਰਾਂ ਨੂੰ ਛੱਡ ਦੇ ਹਨ। ਆਪ ਜੀ ਇਸ ਵਿਚਾਰ ਦੇ ਵੀ ਧਾਰਨੀ ਹਨ ਕਿ ਸਾਨੂੰ ਰਾਗਮਾਲਾ ਵਿਚ ਜਿਤਨੇ ਰਾਗ ਰਾਗਨੀਆ ਹਨ ਉਹਨਾਂ ਨੂੰ ਵੀ ਸ਼ਾਮਿਲ ਕਰਨਾ ਚਾਹੀਦਾ ਹੈ। ਅਤੇ ਉਹਨਾਂ ਦਾ ਵੀ ਕੀਰਤਨ ਵਿਚ ਪ੍ਰਯੋਗ ਹੋਣਾ ਚਾਹੀਦਾ ਹੁੰ।

ਆਪ ਜੀ ਨੂੰ ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਵਿਸ਼ੇਸ਼ ਐਵਾਰਡ ਮਿਲਿਆ ਹੈ। ਇਸ ਤੋਂ ਇਲਾਵਾ ਅਨੇਕ ਸਿੰਘ ਸਭਾਵਾਂ, ਚੀਫ ਖਾਲਸਾ ਦੀਵਾਨ ਵੱਲੋਂ ਭਾਈ ਸਾਹਿਬ ਭਾਈ ਹੀਰਾ ਸਿੰਘ ਐਵਾਰਡ ਵੀ ਮਿਲਿਆ ਹੈ। ਸੰਤ ਸੁਜਾਨ ਸਿੰਘ ਯਾਦਗਾਰੀ ਸਮਾਗਮ ਵਿਚ ਵੀ ਆਪ ਜੀ ਨੂੰ ਇਕ ਟਰਾਫੀ ਅਤੇ 1200/- ਨਕਦ ਇਨਾਮ ਮਿਲਿਆ ਹੈ।

ਅੱਜ ਕਲ ਆਪ ਆਪਣੇ ਵੱਡੇ ਭਰਾਤਾ ਭਾਈ ਸਰਨ ਸਿੰਘ ਜੋ ਕਿ ਜੋੜੀ ਦੀ ਸੇਵਾ ਨਿਭਾਉਦੇ ਹਨ, ਰੀਟਾਇਰ ਹੋ ਕੇ ਵੀ ਦੁਬਾਰਾ ਕੀਰਤਨ ਦੀ ਸੇਵਾ ਨਿਭਾ ਰਹੇ ਹਨ। ਆਪ ਜੀ ਪੁਰਾਤਨ ਰੀਤਾਂ ਅਨੁਸਾਰ ਕੀਰਤਨ ਦੀ ਪਦਵੀ ਨੂੰ ਵਿਸ਼ੇਸ਼ ਮਹੱਤਤਾ ਦੇਂਦੇ ਹਨ। ਆਪ ਜੀ ਆਪਣੀਆਂ ਰੀਤਾਂ ਜੋ ਕਿ ਪੁਰਾਤਨ ਸੰਗੀਤ ਤੇ ਅਧਾਰਤ ਹਨ ਬਨਾਣ ਵਿਚ ਵੀ ਨਿਪੁੰਨ ਹਨ।

ਸਤਿਗੁਰ ਆਪ ਜੀ ਨੂੰ ਦੀਰਘ ਜੀਵਨ ਬਖਸ਼ਣ ਤਾਂ ਜੋ ਆਪ ਗੁਰੂ ਘਰ ਦੀ ਹੋਰ ਸੇਵਾ ਕਰਦੇ ਰਹਿਣ।

ਨਰਿੰਦਰ ਸਿੰਘ ਮੋਹਾਲੀ

——0——

**ਗੁਰਮੁਖਿ ਜਿਨੀ ਨਾਮੁ ਨ ਪਾਇਆ ॥**
**ਮਨਮੁਖਿ ਬਿਰਥਾ ਜਨਮੁ ਗਵਾਇਆ ॥**
**ਅਗੈ ਵਿਣ ਨਾਵੈ ਕੋ ਬੇਲੀ ਨਾਹੀ,**
**ਬੂਝੈ ਗੁਰ ਬੀਚਾਰ ਜੀਉ ॥**

**(ਮ: 3, ਪੰਨਾ 1016)**

## GAURHEE SOKHMANEE MAHLAA PANJVAAN

### SALOKU

### EK ONKAAR : SATIGUR PRASAAD

Aadi Gur-E Namah
Jugaadi Gur-E Namah
Sati Gur-E Namah
Sree Guroodev-E Namah

### PSALM OF PEACE IN GAURHEE RYTHM BY THE 5th GURU

### SALOK

ONE GOD; ATTAINED WITH THE BLESSINGS OF THE TRUE GURU

Submit to the Absolute Lord-the Immortal and Everlasting submit also to the True Guru, Greatest Guru

### ASTTAPADEE

Simrau Simari Simari Sukhu Paavau
Kali Kales Tan Maahi Mittaavau
Simrau Jaasu Bisaanbhar Ekai
Naamu Japat Agnat Anekai
Bed Puraan Simiriti Sudh-Aakhi-Ar
Keene Raam Naam Ik Aakhi-Ar
Kinkaa Ek Jisu Jee-A Basaavai
Taa Kee Mahimaa Ganee Na Aavai
Kaankhee Ekai Daras Tuhaaro
Naanak Un Sangi Mohi Udhaaro
Sukhmanee Sukh Amrit Prabh Naamu
Bhagat Janaa Kai Mani Bisraam-Rahaa 1.1

## ASHTAPADI

All scriptures state One Pure Word and that Word is the Divine Name of the Lord God-the Creator and keeper of the universe, Think on the Lord and in thinking remember Him and attain true happiness, freedom from want and all afflictions. Those who hanker for a glimpse of the Lord, and those whose lives are enriched by the Lord's Name, are truly blessed.
Keep me O Lord ! in the company of such persons, and save me, prays Nanak.

The Lord's Name is The Ambrosia For Happiness and True Peace of Mind, and The Name Rests in The Hearts of The Devotees. 1 : 1

Prabh Kai Simrani Garabhi Na Basai
Prabh Kai Simrani Dookhu Jamu Nasai
Prabh Kai Simrani Kaalu Par-Harai
Prabh Kai Simrani Dusman Ttrai
Prabh Simirat Kachhu Bighan Na Laagai
Prabh Kai Simrani An-Dinu Jaagai
Prabh Kai Simrani Bhau Na Bi-Aapai
Prabh Kai Simrani Dukhu Na Santaapai
Prabh Kaa Simranu Saadh Kai Sangi
Sarab Nidhaan Naanak Hari Rangi. 1 : 2

Worship of the Lord and meditiation on His Name frees me from the pains of re-birth, fear of death and the Judgement Day. My enemies are at bay my obstacles overcome. I fear no evil and I am always alert to the Divine Presence. May I always worship the Lord in the company of pious persons. prays Nanak, because all things are possible by faith in the Lord.

(Bed Puraan etc., Hindu Scriptures; Amrit-elixir of life/food of the Gods/Ambrosia; Garabh-the womb; Bhagat-Saadh-pious or saintly person). 1 : 2

Prabh Kai Simrani Ridhi Sidhi Nau Nidh
Prabh Kai Simrani Gi-aanu Dhi-aanu Tatu Budhi
Prabh Kai Simrani Jap Tap Poojaa
Prabh Kai Sinrani Binsai Doojaa
Prabh Kai Simrani Teerath Isnaanee
Prabh Kai Simrani Dargah Maanee
Prabh Kai Simrani Ho-I Su Bhalaa
Se Simarahi Jin Aapi Simraa-E
Naanak Taa Kai Laagau Paa-E 1.3

Worship of the Lord and meditation on His Name is like bathing in holy waters. I attain physical and moral strength, Divine Knowledge and true wisdom. I am reconciled to His Will. I accept none other but Him and all my prayers are answered. The Lord nominates His devotees, says Nanak, and before these nominees I prostrate myself. (Ridhi-prosperity; Sidhi-spiritual powers and understanding; Nau Nidhi-the nine treasures of God Kuver viz., Padma, Maha Padma, Sankha, Makara, Kachhapa, Mukunda, Nanda, Nila and Kharba-all precious stones). 1.3

Prabh Kai Simarani Sabh Te Oochaa
Prabh Kai Simarani Udhre Moochaa
Prabh Kai Simarni Trisnaa Bujhai
Prabh Kai Simarani Sabhu Kichhu Sujhai
Prabh Kai Simarani Naahee Jam Traasaa
Prabh Kai Simarani Pooran Aasaa
Prabh Kai Simarani Man Kee Malu Jaa-I
Amrit Naamu Rid Maahi Samaa-I
Prabh Jee Basai Saadhi Kee Rasnaa
Naanak Jan Kaa Daasani Dasnaa 1.4

Worship of the Lore is an honourable duty and shall earn me salvation, help me to overcome desires of the flesh, and help me to comprehend so that I can overcome the fear of death. I shall achieve success and my sins shall be washed away. The essence of the sweet Name shall inundate my heart Pious persons are always reciting the Divine Name, and Nanak wishes to serve as a slave to such beings.

1.4

Prabh Kau Simrahi Se Dhanvante
Prabh Kau Simrahi Se Patvante
Pradh Kau Simarahi Se Jan Parvaan
Prabh Kau Simrahi Se Purakh Pradhaan
Prabh Kau Simarhi Si Be-Muhataaje
Prabh Kau Simrahi Si Sarab Ke Kaaje
Prabh Kau Simrahi Se Sukh Vaasee
Prabh Kau Simrahi Sadaa Abhinaasee
Simran Te Laage Jin Aapi Da-I-aalaa
Naanak Jan Kee Mangai Ravaalaa.

1.5

The Worshipper of the Lord is truly wealthy. He is accepted and honoured everywhere, He is distinguished, self-reliant and like a king. He lives in happiness and is virtually indestructible Those ordained for Thy worship are blessed and Nanak desires to attain the dust trodden by their feet i e. the earth trodden by their feet is blessed.
(Rasnaa-tongue; Ravaalaa-fine particles / granules / dust on the floor).

1 5

Prabh Kau Simarahi Se Par-Upkaaree
Prabh Kau Simrahi Tin Sad Bali-Aaaree
Prabh Kau Simrahi Se Mukh Suhaave
Prabh Kau Simrahi Tin Sookhi Bihaavai
Prabh Kau Simrahi Tin Aatam Jeetaa
Prabh Kau Simrahi Tin Nirmal Reetaa
Prabh Kau Simrahi Tin Anad Ghanere
Prabh Kau Simrahi Basahi Hari Nere
Sant Kripaa Te An-Dinu Jaagi
Naanak Simranu Poorai Bhaagi

1.6

Worshipper of the Lord, serves others, and is worthy of all sacrifices. Worship of the Lord imparts that certain aura to the devotee and he becomes the master of his own mind. He remains pure and attains absolute bliss being beloved to the Lord.

With the blessing of the saints, this devotee is ever alert and is indeed fortunate to be nominated for piety, says Nanak.
(Bal-Haaree-offering one's all even the life itself)

1.6

Prabh Kai Simrani Kaaraj Poore
Prabh Kai Simrani Kaba-Hu Na Jhoore
Prabh Kai Simran Hari Gun Baanee
Prabh Kai Simrani Sahaji Samaanee
Prabh Kai Simrani Nih-Chal Aasanu
Prabh Kai Simrani Kamal Bigaasanu
Prabh Kai Simrani An-Had Jhunkaar
Sukhu Prabh Simran Kaa Antu An Paar
Simrahi Se Jnn Kau Ptabh Ma-I-Aa
Naanak Tin Jan Sarnee Pa-I-Aa

1.7

Worship of the Lord, accomplishes everything. sorrows do not beset him To worship is to sing in His praise. To worship is to attain the Kingdom of Heaven. In worship the heart blooms like the lotus. Worship of the Lord is like heavenly music and countless joys are derived. The worshipper is pre-ordained by the Lord and Nanak seeks shelter with such worshipper. (Kamal-the Lotus flower is considered to be the purest of pure, because it grows in and is nurtured in mud and mire and yet itself is untouched by the mud and mire).

1.7

Hari Simranu Kari Bhagat Pragattaa-E
Hari Simranu Lagi Bed Upaa-E
Hari Simranu Bha-E Sidh Jatee Daate
Hari Simrani Neech Chahu Kuntt Jaate
Hari Simrani Dhaaree Sabh Dharnaa
Simari Simari Hari Kaaran Karanaa
Hari Simrani Kee O Sagal Akaaraa
Hari Simrani Mahi Aapi Nirankaaraa
Hari Kirpa Jisu Aapi Bujhaa-I-Aa
Naanak Gurmukhi Hari Simranu Tin Paa-I-Aa

1.8

The Lord is always present when worship is in progress. To worship is to accept Him as the Creator and the All-in-all In worship the saints are glorified. Worship helps in the writings of the scriptures, leads to power, grants continence and uplifts the lowly. The entire universe was created through worship and the Lord is Himself engrossed in it. Says Nanak, he who develops the understanding is the devotee blessed with the Divine Name. (Gurmukh=devotee)

1.8

# *What is Life*

o—o—o—o—o

*Life is like an arithmetic where spiritualism and humanism are added : Our sins substracted happiness are n ultiplied and sorrows divided*

The water of life is *selfless service*
The salt of life is *universal love*
The food of life is *humanity*
The sweetness of *life is loving devotion*
The fragrance of life is *genoristy*
The air of life is *meditation*
The goal of life is *self realisation*
Life is service and *sacrifice*
DO LOVE
Nothing is impossible-Everthing *is possible*

**Teachings from Sikh Scriptures-narrated by Late Dr. Babaji of Bombay**

# The Noble Game

*Bishan Swaroop Aggarwal Ropari*

There is bliss all around
With Kirtan's celestial sound
Heart and soul dance in glee
When mind is busy as a bee

★ ★ ★

O Seekers of true delight
Gather anywhere you like
Sing hymns of the great Name
Enjoy in the pleasure of the game

★ ★ ★

Blessing of Heavens are not bought
Truthfull life emanates unsought
The worldly in the dweller consols
It is a court of joy for all souls

★ ★ ★

When fate brings sorrows in offing
Kirtan, pleasures of ten doth bring
Hearts are shrines for the faithful
Kirtan is the support of dutiful

# How do we Talk, Speak & Sing

Avat Singh

The ability of man to speak is due, a great deal, of the way in which the larynx is made. Larynx is a hollow organ, shaped something like a box. It is, actually. an enlarged part of the windpipe. The walls of this "box" are made of cartilage and are lined inside with mucous membrane.

At one place, on each side, the mucous membrane becomes thicker and projects from the wall into the centre of the box. These projections are the "**vocal cords.**" Each cord is moved by many small muscles.

When air goes from the lungs into the mouth, it passes between the two vocal cords and makes them vibrate. This produces sound.

What kind of sound is produced? That depends on the position and tension of these vocal cords, The muscle system, that controls them, is the most delicate in entire body to make possible all kind of sounds that we produce. **Actually, the vocal cords can assume about 170 different positions.**

When the vocal cords vibrate, the column of air that is in the respiratory passage, is made to vibrate. What we really hear is the vibration of this column of air. And one's tone depends on the tension of the vocal cords.

If the vocal cords are not too tense, long waves are

produced and we hear tones. If the vocal cords are tense, they vibrate rapidly, so short waves are produced and/we hear high tones.

When boys reach the age of about 14, the cords and the larynx become thicker and this makes pitch of the voice lower This change in pitch is called "**change of voice**".

Now how about the tone? This is determined by the resonatiog spaces, just as the tone of a violin is determined by the vibrations of the entire instrument.

In speaking or singing, the resonating spaces involved include toe windpipe, the lungs, the thorax, and even the spaces in our mouth and nose. The vibrafion of air in all of them halps decide the tone,

But that is not all. Our abdomen, chest, diaphragm, tongue, palate, lips, teeth also help in this function. All of them are involved in producing sounds and letters.

So you see that the process of speaking is like playing on a very complicated and difficult musical instrument. It is only because we learned it early in childhood and practise it contineously that we are able to do it so well now.